# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ




## ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਕੈਲੀਫੋਰਨੀਆ ਵੱਲੋਂ ਸ਼ਾਇਰ ਜਸਵਿੰਦਰ ਨਾਲ ਰੂਬਰੂ ਸਮਾਗਮ




ਹੇਵਰਡ, 29 ਅਪ੍ਰੈਲ : ਬੀਤੇ ਦਿਨੀਂ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਕੈਲੀਫੋਰਨੀਆ ਵੱਲੋਂ ਭਾਰਤੀ ਸਾਹਿਤ ਅਕਾਦਮੀ ਅਤੇ ਭਾਸ਼ਾ ਵਿਭਾਗ ਪੰਜਾਬ ਵੱਲੋਂ ਸਨਮਾਨਿਤ ਸੰਵੇਦਨਸ਼ੀਲ ਸ਼ਾਇਰ ਜਸਵਿੰਦਰ ਨਾਲ ਇੱਕ ਬੇਹੱਦ ਭਾਵ-ਪੂਰਤ ਸੰਵਾਦ ਰਚਾਇਆ ਗਿਆ। ਹੇਵਰਡ ਵਿਖੇ ਹੋਏ ਇਸ ਸਮਾਗਮ ਨੇ ਕੈਲੀਫ਼ੋਰਨੀਆ ਦੇ ਸਾਹਿਤਕ ਮਾਹੌਲ ਵਿੱਚ ਇੱਕ ਨਵੀਂ ਰੂਹ ਫੂਕ ਦਿੱਤੀ।

ਅਕਾਦਮੀ ਦੇ ਜਨਰਲ ਸਕੱਤਰ ਜਗਜੀਤ ਨੌਸ਼ਹਿਰਵੀ ਨੇ ਬੇਹੱਦ ਸੁਚੱਜੇ ਢੰਗ ਨਾਲ ਮੰਚ ਦਾ ਕਾਜ ਭਾਰ ਸੰਭਾਲਿਆ। ਉਨ੍ਹਾਂ ਨੇ ਮੁੱਖ ਮਹਿਮਾਨ ਜਸਵਿੰਦਰ, ਡਾ. ਪ੍ਰਿਥੀਪਾਲ ਸਿੰਘ ਸੋਹੀ, ਮੈਡਮ ਹਰਿੰਦਰ ਕੌਰ ਸੋਹੀ, ਕੁਲਵਿੰਦਰ ਅਤੇ ਹਰਜਿੰਦਰ ਕੰਗ ਨੂੰ ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ।

ਅਕਾਦਮੀ ਦੇ ਪ੍ਰਧਾਨ ਕੁਲਵਿੰਦਰ ਨੇ ਸਭ ਦਾ ਸਵਾਗਤ ਕਰਦਿਆਂ ਜਸਵਿੰਦਰ ਨਾਲ ਆਪਣੀ ਦਹਾਕਿਆਂ ਪੁਰਾਣੀ ਸਾਂਝ ਦੇ ਪੰਨੇ ਫੋਲੇ। ਉਨ੍ਹਾਂ ਦੱਸਿਆ ਕਿ ਕਈ ਵਰ੍ਹੇ ਪਹਿਲਾਂ ਡਾ. ਜਗਤਾਰ ਨੇ ਉਨ੍ਹਾਂ ਦੀ ਮੁਲਾਕਾਤ ਰੋਪੜ ਵਿਖੇ ਕਰਵਾਈ ਸੀ। ਖ਼ਤਾਂ ਰਾਹੀਂ ਸ਼ੁਰੂ ਹੋਈ ਇਹ ਦੋਸਤੀ 2015 ਵਿੱਚ ਜਸਵਿੰਦਰ ਦੇ ਕੈਨੇਡਾ ਪਰਵਾਸ ਧਾਰਨ ਕਰਨ ਤੋਂ ਬਾਅਦ ਹੋਰ ਮਜ਼ਬੂਤ ਹੋਈ। ਉਨ੍ਹਾਂ ਕਿਹਾ ਕਿ ਜਸਵਿੰਦਰ ਪੰਜਾਬੀ ਸਾਹਿਤ ਗਗਨ ਦਾ ਉਹ ਚਮਕਦਾ ਤਾਰਾ ਹੈ, ਜੋ ਬਾਕੀ ਤਾਰਿਆਂ ਨੂੰ ਵੀ ਆਪਣੇ ਨਾਲ ਚਮਕਾਉਣ ਦਾ ਜਿਗਰਾ ਰੱਖਦਾ ਹੈ।

ਸਮਾਗਮ ਦੌਰਾਨ ਲਾਜ ਨੀਲਮ ਸੈਣੀ ਨੇ ਜਸਵਿੰਦਰ ਦੀ ਸ਼ਾਇਰੀ 'ਤੇ ਗੰਭੀਰ ਚਰਚਾ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਗ਼ਜ਼ਲ ਵਿੱਚੋਂ ਉੱਠਦਾ ਧੂੰਆਂ ਅੱਖਾਂ ਵਿੱਚ ਜਲਣ ਨਹੀਂ, ਸਗੋਂ ਰੂਹ ਵਿੱਚ ਇਬਾਦਤ ਵਰਗੀ ਮਹਿਕ ਭਰਦਾ ਹੈ। ਉਨ੍ਹਾਂ ਨੇ ਜਸਵਿੰਦਰ ਦੇ ਗ਼ਜ਼ਲ ਸੰਗ੍ਰਹਿ 'ਕਾਲੇ ਹਰਫ਼ਾਂ ਦੀ ਲੋਅ', 'ਕੱਕੀ ਰੇਤ ਦੇ ਵਰਕੇ' ਅਤੇ ਸਾਹਿਤ ਅਕਾਦਮੀ ਪੁਰਸਕਾਰ ਜੇਤੂ ਪੁਸਤਕ 'ਅਗਰਬੱਤੀ' ਦਾ ਵਿਸ਼ੇਸ਼ ਜ਼ਿਕਰ ਕੀਤਾ।

ਹਰਜਿੰਦਰ ਕੰਗ ਨੇ ਜਸਵਿੰਦਰ ਦੀ ਸ਼ਖ਼ਸੀਅਤ ਦੀ ਮਹਾਨਤਾ ਬਾਰੇ ਦੱਸਦਿਆਂ ਕਿਹਾ ਕਿ ਉਨ੍ਹਾਂ ਦੀ ਸ਼ਾਇਰੀ ਲੋਕਾਂ ਦੀ ਜ਼ੁਬਾਨ 'ਤੇ ਚੜ੍ਹੀ ਹੋਈ ਹੈ। ਉਨ੍ਹਾਂ ਨੇ ਰੋਪੜ ਵਿਖੇ ਆਪਣੀ ਕਿਤਾਬ 'ਚੁੱਪ ਦੇ ਟੁਕੜੇ' ਦੇ ਲੋਕ-ਅਰਪਣ ਮੌਕੇ ਜਸਵਿੰਦਰ ਵੱਲੋਂ ਦਿੱਤੇ ਹੌਸਲੇ ਨੂੰ ਯਾਦ ਕੀਤਾ। ਸੁਰਜੀਤ ਸਖੀ ਨੇ ਜਸਵਿੰਦਰ ਦੀਆਂ ਗ਼ਜ਼ਲਾਂ ਦੀ ਤੁਲਨਾ ਹਿਮਾਲਾ ਦੀਆਂ ਨਿਰਮਲ ਨਦੀਆਂ ਨਾਲ ਕੀਤੀ, ਜੋ ਹਰ ਮਿੱਟੀ ਦੀ ਤਾਸੀਰ ਵਿੱਚੋਂ ਮੌਸਮਾਂ ਦੇ ਅਸਰ ਨਿਖੇੜਨ ਦੀ ਸਮਰੱਥਾ ਰੱਖਦੀਆਂ ਹਨ।

ਕਲਾਲ ਵਾਲਾ ਪਿੰਡ ਦੇ ਜੰਮ-ਪਲ ਸ਼ਾਇਰ ਜਸਵਿੰਦਰ ਨੇ ਵਿਪਸਾ ਦਾ ਧੰਨਵਾਦ ਕਰਦਿਆਂ ਆਪਣੇ ਜੀਵਨ ਦੇ ਅਹਿਮ ਪੜਾਅ ਸਾਂਝੇ ਕੀਤੇ। ਉਨ੍ਹਾਂ ਦੱਸਿਆ ਕਿ ਮੋਗਾ ਪੜ੍ਹਦਿਆਂ ਉਹ ਖੱਬੇ-ਪੱਖੀ ਲਹਿਰ ਨਾਲ ਜੁੜੇ ਅਤੇ ਸੰਤ ਰਾਮ ਉਦਾਸੀ, ਜੈਮਲ ਪੱਡਾ, ਓਮ ਪ੍ਰਕਾਸ਼ ਸ਼ਰਮਾ ਅਤੇ ਮਹਿੰਦਰ ਸਾਥੀ ਵਰਗੇ ਸ਼ਾਇਰਾਂ ਦੀ ਸੰਗਤ ਮਿਲੀ। ਉਨ੍ਹਾਂ ਕਿਹਾ ਕਿ ਸ਼ਿਅਰ ਉਹ ਹੈ ਜੋ ਰੂਹ 'ਤੇ ਤੀਰ ਵਾਂਗ ਵੱਜੇ ਅਤੇ ਛੋਟੇ ਸ਼ਬਦਾਂ ਵਿੱਚ ਵੱਡੇ ਅਰਥ ਭਰਨੇ ਹੀ ਅਸਲੀ ਸ਼ਾਇਰੀ ਹੈ। ਉਨ੍ਹਾਂ ਨੇ ਰੋਪੜ ਥਰਮਲ ਪਲਾਂਟ ਤੋਂ ਸੇਵਾਮੁਕਤੀ ਅਤੇ ਕੈਨੇਡਾ ਵਿੱਚ ਆਪਣੀਆਂ ਬੇਟੀਆਂ ਕੋਲ ਵਸਣ ਦੇ ਸਫ਼ਰ ਨੂੰ ਵੀ ਸਾਂਝਾ ਕੀਤਾ।


ਡਾ. ਪ੍ਰਿਥੀਪਾਲ ਸਿੰਘ ਸੋਹੀ ਅਤੇ ਮੈਡਮ ਹਰਿੰਦਰ ਕੌਰ ਸੋਹੀ ਨੇ ਸਮਾਗਮ ਦੀ ਵਧਾਈ ਦਿੱਤੀ। ਡਾ. ਸੋਹੀ ਨੇ ਦੱਸਿਆ ਕਿ ਉਹ ਇੰਡੀਆ ਅਤੇ ਕੈਨੇਡਾ ਤੋਂ ਬਾਅਦ ਹੁਣ ਅਮਰੀਕਾ ਵਿੱਚ ਆਪਣੀਆਂ ਬੇਟੀਆਂ ਕੋਲ ਰਹਿ ਰਹੇ ਹਨ। ਉਨ੍ਹਾਂ ਨੇ 'ਗ਼ਜ਼ਲ ਮੰਚ ਸਰੀ' ਦੇ ਸ਼ਾਇਰਾਂ ਦਵਿੰਦਰ ਗੌਤਮ, ਰਾਜਵੰਤ ਰਾਜ, ਹਰਦਮ ਮਾਨ ਅਤੇ ਪ੍ਰੀਤ ਮਨਪ੍ਰੀਤ ਦੇ ਸਾਹਿਤਕ ਕਾਰਜਾਂ ਦੀ ਸ਼ਲਾਘਾ ਕੀਤੀ। ਮੈਡਮ ਸੋਹੀ ਨੇ ਆਪਣੀਆਂ ਪੁਸਤਕਾਂ 'ਹੌਲਾ ਫ਼ੁੱਲ' ਅਤੇ 'ਪੰਜਾਬੀ ਸਾਹਿਤ ਵਿੱਚ ਰਿਸ਼ਤਿਆਂ ਦਾ ਤਾਣਾ-ਬਾਣਾ' ਬਾਰੇ ਜਾਣਕਾਰੀ ਸਾਂਝੀ ਕੀਤੀ।

ਸਮਾਗਮ ਦੇ ਦੂਜੇ ਪੜਾਅ ਵਿੱਚ ਅਕਾਦਮੀ ਦੇ ਸ਼ਾਇਰਾਂ ਮੁਕੇਸ਼ ਸ਼ਰਮਾ, ਸੰਤੋਖ ਸਿੰਘ ਮਿਨਹਾਸ, ਅਮਰ ਸੂਫ਼ੀ, ਗੁਰੂਤੇਜ ਪਾਰਸਾ, ਕਾਕਾ ਕਲੇਰ ਅਤੇ ਅਵਤਾਰ ਗੋਂਦਾਰਾ ਨੇ ਸ਼ਾਨਦਾਰ ਰਚਨਾਵਾਂ ਪੇਸ਼ ਕੀਤੀਆਂ। ਸੁਖਦੇਵ ਸਾਹਿਲ ਨੇ ਜਸਵਿੰਦਰ, ਕੁਲਵਿੰਦਰ ਅਤੇ ਹਰਜਿੰਦਰ ਕੰਗ ਦੀਆਂ ਰਚਨਾਵਾਂ ਨੂੰ ਆਪਣੀ ਸੁਰੀਲੀ ਆਵਾਜ਼ ਵਿੱਚ ਗਾ ਕੇ ਸ਼ਾਮ ਨੂੰ ਸੁਰਮਈ ਬਣਾ ਦਿੱਤਾ। ਆਸ਼ਾ ਸ਼ਰਮਾ ਨੇ ਸਭ ਦਾ ਸਵਾਗਤ ਕਰਦਿਆਂ ਜਸਵਿੰਦਰ ਦੀ ਸ਼ਾਇਰੀ ਦੀ ਤਾਰੀਫ਼ ਕੀਤੀ।

ਸਮਾਗਮ ਵਿੱਚ ਸਾਹਿਤਕ ਜਗਤ ਨਾਲ ਜੁੜੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ, ਜਿਨ੍ਹਾਂ ਵਿੱਚ ਜਸਵੰਤ ਸਿੰਘ ਖੰਨਾ, ਪ੍ਰੋ. ਬਲਜਿੰਦਰ ਸਿੰਘ ਸਵੈਚ, ਪੰਕਜ ਆਂਸਲ, ਅਵਤਾਰ ਲਾਖਾ, ਸੋਨੂੰ ਸਾਹਿਲ, ਲਖਬੀਰ ਸਿੰਘ, ਕਾਕਾ ਕਲੇਰ, ਅਜ਼ੀਮ ਤਤਲਾ, ਜਸਵੀਰ ਭੰਮਰਾ, ਜੋਤੀ, ਮਨਮੋਹਨ ਸ਼ਰਮਾ, ਰਵਿੰਦਰ ਕੌਰ, ਮਨਜੀਤ ਪਲਾਹੀ ਅਤੇ ਅਭੀਤਾਭ ਸੈਣੀ ਸ਼ਾਮਲ ਸਨ। ਸਮਾਗਮ ਦੇ ਅੰਤ ਵਿੱਚ ਵਿਪਸਾ ਵੱਲੋਂ ਜਸਵਿੰਦਰ ਅਤੇ ਸੋਹੀ ਜੋੜੇ ਦਾ ਸ਼ਾਲਾਂ ਨਾਲ ਵਿਸ਼ੇਸ਼ ਸਨਮਾਨ ਕੀਤਾ ਗਿਆ।

## ਬੇਅਰ ਕਰੀਕ ਐਲੀਮੈਂਟਰੀ ਸਕੂਲ ਸਰੀ ਦੇ ਵਿਦਿਆਰਥੀ 'ਸਿੱਖ ਵਿਰਾਸਤੀ ਮਹੀਨੇ' ਮੌਕੇ ਗੁਰਦੁਆਰਾ ਬਰੁੱਕਸਾਈਡ ਵਿਖੇ ਨਤਮਸਤਕ ਹੋਏ

ਸਰੀ, 29 ਅਪ੍ਰੈਲ : ਕੈਨੇਡਾ ਸਰਕਾਰ ਵੱਲੋਂ ਅਪ੍ਰੈਲ ਮਹੀਨੇ ਨੂੰ 'ਸਿੱਖ ਵਿਰਾਸਤੀ ਮਹੀਨੇ' ਵਜੋਂ ਦਿੱਤੀ ਗਈ ਮਾਨਤਾ ਦੇ ਸਬੰਧ ਵਿੱਚ, ਬੇਅਰ ਕਰੀਕ ਐਲੀਮੈਂਟਰੀ ਸਕੂਲ ਦੇ ਤਕਰੀਬਨ 72 ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਬੀਤੇ ਦਿਨ ਗੁਰਦੁਆਰਾ ਸਾਹਿਬ ਬਰੁੱਕਸਾਈਡ ਵਿਖੇ ਨਤਮਸਤਕ ਹੋ ਕੇ ਸਿੱਖ ਇਤਿਹਾਸ ਅਤੇ ਸੱਭਿਆਚਾਰ ਬਾਰੇ ਜਾਣਕਾਰੀ ਹਾਸਲ ਕੀਤੀ।



ਸਕੂਲ ਦੀਆਂ ਤਿੰਨ ਕਲਾਸਾਂ ਦੇ ਵਿਦਿਆਰਥੀ ਆਪਣੇ ਅਧਿਆਪਕਾਂ ਨਾਲ ਪੈਦਲ ਚੱਲ ਕੇ ਗੁਰਦੁਆਰਾ ਸਾਹਿਬ ਪਹੁੰਚੇ। ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਦੇ ਬੁਲਾਰੇ ਅਤੇ ਸੇਵਾਦਾਰਾਂ ਵੱਲੋਂ ਸਮੂਹ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਦੌਰਾਨ ਬੱਚਿਆਂ ਨੂੰ ਗੁਰਦੁਆਰਾ ਸਾਹਿਬ ਦੀ ਮਰਿਆਦਾ, ਜਿਵੇਂ ਕਿ ਸਿਰ ਢੱਕਣਾ ਅਤੇ ਜੋੜੇ ਉਤਾਰਨਾ ਆਦਿ ਬਾਰੇ ਦੱਸਿਆ ਗਿਆ, ਜਿਸ ਦੀ ਪਾਲਣਾ ਕਰਦਿਆਂ ਸਾਰਿਆਂ ਨੇ ਦਰਬਾਰ ਹਾਲ ਵਿੱਚ ਹਾਜ਼ਰੀ ਭਰੀ।

ਵਿਦਿਆਰਥੀਆਂ ਨੂੰ ਸਿੱਖ ਧਰਮ ਦੇ ਦਸ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮਨੁੱਖਤਾਵਾਦੀ ਸੰਦੇਸ਼ਾਂ ਬਾਰੇ ਵਿਸਥਾਰਪੂਰਵਕ ਦੱਸਿਆ ਗਿਆ। ਖ਼ਾਸ ਤੌਰ 'ਤੇ ਸਾਲ 1897 ਵਿੱਚ ਕੈਨੇਡਾ ਆਏ ਪਹਿਲੇ ਸਿੱਖਾਂ ਤੋਂ ਲੈ ਕੇ ਹੁਣ ਤੱਕ ਦੇ 125 ਸਾਲਾਂ ਦੇ ਸੰਘਰਸ਼ ਅਤੇ ਤਰੱਕੀ ਬਾਰੇ ਜਾਣਕਾਰੀ ਦਿੱਤੀ ਗਈ। ਸਿੱਖ ਧਰਮ ਵਿੱਚ ਇਸਤਰੀ-ਮਰਦ ਦੀ ਬਰਾਬਰੀ ਅਤੇ 'ਸਾਂਝੀਵਾਲਤਾ' ਦੇ ਸਿਧਾਂਤਾਂ ਨੂੰ ਸੁਣ ਕੇ ਵਿਦਿਆਰਥੀ ਅਤੇ ਅਧਿਆਪਕ ਕਾਫੀ ਪ੍ਰਭਾਵਿਤ ਹੋਏ। ਬੱਚਿਆਂ ਨੇ ਬੀਬੀ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠ ਕੇ ਪਾਠ ਕਰਦਿਆਂ ਦੇਖਿਆ, ਜਿਸ ਨਾਲ ਉਨ੍ਹਾਂ ਦੇ ਮਨ ਵਿੱਚ ਔਰਤਾਂ ਦੇ ਸਨਮਾਨ ਸਬੰਧੀ ਪੈਦਾ ਹੋਏ ਸਵਾਲਾਂ ਦੇ ਜਵਾਬ ਮਿਲੇ।

ਸਿੱਖ ਧਰਮ ਦੀ 'ਵੰਡ ਛਕਣ' ਦੀ ਪ੍ਰਥਾ ਤੋਂ ਵਿਦਿਆਰਥੀ ਬਹੁਤ ਪ੍ਰਭਾਵਿਤ ਹੋਏ। ਉਨ੍ਹਾਂ ਨੇ ਦਰਬਾਰ ਸਾਹਿਬ ਤੋਂ ਕੜਾਹ ਪ੍ਰਸ਼ਾਦ ਲਿਆ ਅਤੇ ਬਾਅਦ ਵਿੱਚ ਲੰਗਰ ਹਾਲ ਵਿੱਚ ਬੈਠ ਕੇ ਬੜੀ ਰੀਝ ਨਾਲ ਭੋਜਨ ਛਕਿਆ। ਸੁਸਾਇਟੀ ਦੇ ਸੇਵਾਦਾਰਾਂ ਨੇ ਬੜੀ ਲਗਨ ਅਤੇ ਪਿਆਰ ਨਾਲ ਬੱਚਿਆਂ ਦੀ ਸੇਵਾ-ਸੰਭਾਲ ਕੀਤੀ। ਤਕਰੀਬਨ ਦੋ ਘੰਟੇ ਗੁਰਦੁਆਰਾ ਸਾਹਿਬ ਵਿੱਚ ਬਿਤਾਉਣ ਤੋਂ ਬਾਅਦ, ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਇਸ ਅਨੁਭਵ ਨੂੰ ਬਹੁਤ ਸਿੱਖਿਆਦਾਇਕ ਦੱਸਿਆ। ਅਧਿਆਪਕਾਂ ਨੇ ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਦਾ ਧੰਨਵਾਦ ਕਰਦਿਆਂ ਭਰੋਸਾ ਦਿਵਾਇਆ ਕਿ ਉਹ ਅਗਲੇ ਸਾਲ ਵੀ ਵਿਦਿਆਰਥੀਆਂ ਨੂੰ ਸਿੱਖ ਵਿਰਾਸਤੀ ਮਹੀਨੇ ਦੇ ਜਸ਼ਨਾਂ ਦਾ ਹਿੱਸਾ ਬਣਾਉਣ ਲਈ ਜ਼ਰੂਰ ਆਉਣਗੇ।

## ਇੰਡੋ-ਕੈਨੇਡੀਅਨ ਸੀਨੀਅਰ ਸੈਂਟਰ ਵਿਖੇ ਹੋਇਆ ਵਿਸਾਖੀ ਨੂੰ ਸਮਰਪਿਤ ਕਵੀ ਦਰਬਾਰ

ਸਰੀ, 29 ਅਪ੍ਰੈਲ : ਇੰਡੋ-ਕੈਨੇਡੀਅਨ ਸੀਨੀਅਰ ਸੈਂਟਰ ਸਰੀ-ਡੈਲਟਾ ਵੱਲੋਂ ਖ਼ਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਨੂੰ ਸਮਰਪਿਤ ਮਹੀਨਾਵਾਰ ਕਵੀ ਦਰਬਾਰ ਕਰਵਾਇਆ ਗਿਆ। ਸੈਂਟਰ ਦੇ ਉਪਰਲੇ ਹਾਲ ਵਿੱਚ ਹੋਏ ਇਸ ਪ੍ਰਭਾਵਸ਼ਾਲੀ ਸਮਾਗਮ ਦੀ ਪ੍ਰਧਾਨਗੀ ਸੈਂਟਰ ਦੇ ਪ੍ਰਧਾਨ ਅਵਤਾਰ ਸਿੰਘ ਢਿੱਲੋਂ ਨੇ ਕੀਤੀ। ਕਵੀ ਦਰਬਾਰ ਵਿਚ ਵੱਡੀ ਗਿਣਤੀ ਵਿੱਚ ਸਾਹਿਤ ਪ੍ਰੇਮੀਆਂ ਅਤੇ ਲੇਖਕਾਂ ਨੇ ਹਾਜ਼ਰੀ ਭਰੀ। ਕਵੀ ਦਰਬਾਰ ਦੌਰਾਨ 21 ਬੁਲਾਰਿਆਂ ਨੇ ਵੱਖ-ਵੱਖ ਵਿਸ਼ਿਆਂ 'ਤੇ ਆਧਾਰਿਤ ਕਵਿਤਾਵਾਂ, ਸ਼ਿਅਰ, ਬੋਲੀਆਂ ਅਤੇ ਹੋਰ ਸਾਹਿਤਕ ਵੰਨਗੀਆਂ ਪੇਸ਼ ਕੀਤੀਆਂ। ਸਰੋਤਿਆਂ ਨੇ ਭਰਪੂਰ ਉਤਸ਼ਾਹ ਨਾਲ ਹਰ ਰਚਨਾ ਦਾ ਆਨੰਦ ਮਾਣਿਆ।

ਸਮਾਗਮ ਦੇ ਅਖੀਰ ਵਿੱਚ ਸੈਂਟਰ ਦੇ ਪ੍ਰਧਾਨ ਅਵਤਾਰ ਸਿੰਘ ਢਿੱਲੋਂ ਨੇ ਇੱਕ ਵਿਸ਼ੇਸ਼ ਖੁਸ਼ਖਬਰੀ ਸਾਂਝੀ ਕੀਤੀ। ਉਨ੍ਹਾਂ ਦੱਸਿਆ ਕਿ ਅੱਜ ਦੇ ਮੁੱਖ ਮਹਿਮਾਨ ਰਾਏ ਅਜ਼ੀਜ਼ਉੱਲਾ ਖਾਨ, ਜੋ ਪਿਛਲੇ 320 ਸਾਲਾਂ ਤੋਂ ਗੁਰੂ ਗੋਬਿੰਦ ਸਿੰਘ ਜੀ ਦੀ ਬਖਸ਼ਿਸ਼ 'ਪਵਿੱਤਰ ਗੰਗਾ ਸਾਗਰ' ਦੀ ਸੇਵਾ-ਸੰਭਾਲ ਕਰ ਰਹੇ ਹਨ, ਦੇ ਘਰ ਪੋਤਰੇ ਦੀ ਦਾਤ ਬਖਸ਼ਿਸ਼ ਹੋਈ ਹੈ। ਇਹ ਖ਼ੁਸ਼ੀ ਸਿਰਫ਼ ਰਾਏ ਪ੍ਰੀਵਾਰ ਦੀ ਨਹੀਂ, ਸਗੋਂ ਪੂਰੀ ਸਿੱਖ ਕੌਮ ਦੀ ਹੈ, ਕਿਉਂਕਿ ਵਾਹਿਗੁਰੂ ਨੇ 'ਗੰਗਾ ਸਾਗਰ' ਦੀ ਸੇਵਾ ਲਈ ਅਗਲਾ ਵਾਰਿਸ ਭੇਜ ਦਿੱਤਾ ਹੈ। ਅਵਤਾਰ ਸਿੰਘ ਢਿੱਲੋਂ ਨੇ ਦੱਸਿਆ ਕਿ ਰਾਏ ਖਾਨਦਾਨ ਵਿੱਚ ਪਿਛਲੀਆਂ 9 ਪੀੜ੍ਹੀਆਂ ਤੋਂ ਇੱਕ-ਇੱਕ ਬੇਟਾ ਹੀ ਪੈਦਾ ਹੋ ਰਿਹਾ ਸੀ, ਪਰ ਹੁਣ 10ਵੀਂ ਪੀੜ੍ਹੀ ਵਿੱਚ ਵਾਹਿਗੁਰੂ ਦੀ ਕਿਰਪਾ ਨਾਲ ਜੋੜੀ ਬਣ ਗਈ ਹੈ। ਹਾਜ਼ਰੀਨ ਨੇ ਤਾੜੀਆਂ ਦੀ ਗੂੰਜ ਵਿੱਚ ਨਵਜੰਮੇ ਬੱਚੇ ਦੀ ਤੰਦਰੁਸਤੀ ਅਤੇ ਲੰਬੀ ਉਮਰ ਲਈ ਦੁਆਵਾਂ ਕੀਤੀਆਂ।

ਸਮਾਗਮ ਦੌਰਾਨ ਗੁਰਚਰਨ ਸਿੰਘ ਬਰਾੜ ਨੇ ਆਪਣਾ 96ਵਾਂ ਜਨਮ ਦਿਨ ਮਨਾਉਂਦਿਆਂ ਸਮੂਹ ਹਾਜਰੀਨ ਲਈ ਚਾਹ-ਪਾਣੀ ਦੀ ਸੇਵਾ ਨਿਭਾਈ। ਸਾਰਿਆਂ ਨੇ ਗੁਰਚਰਨ ਸਿੰਘ ਬਰਾੜ ਨੂੰ ਜਨਮ ਦਿਨ ਦੀਆਂ ਵਧਾਈਆਂ ਦਿੱਤੀਆਂ ਅਤੇ ਉਨ੍ਹਾਂ ਦੀ ਸਿਹਤਯਾਬੀ ਦੀ ਕਾਮਨਾ ਕੀਤੀ। ਸਮੁੱਚੇ ਪ੍ਰੋਗਰਾਮ ਦਾ ਸੰਚਾਲਨ ਮਨਜੀਤ ਸਿੰਘ ਮੱਲ੍ਹਾ ਨੇ ਬੜੀ ਕੁਸ਼ਲਤਾ ਨਾਲ ਕੀਤਾ।

## ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਫਾਉਂਡੇਸ਼ਨ ਵੱਲੋਂ ਡਾ. ਸਰਬਜੀਤ ਸਿੰਘ ਨਾਲ ਸਾਹਿਤ, ਆਲੋਚਨਾ ਅਤੇ ਸਮਕਾਲੀ ਚੁਣੌਤੀਆਂ 'ਤੇ ਗੰਭੀਰ ਸੰਵਾਦ

ਬਰੈਂਪਟਨ, 29 ਅਪ੍ਰੈਲ : 'ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਫਾਉਂਡੇਸ਼ਨ ਵੱਲੋਂ ਰਮਿੰਦਰ ਰੰਮੀ ਦੀ ਸਰਪ੍ਰਸਤੀ ਹੇਠ ਚਲਾਈ ਜਾ ਰਹੀ ਲੜੀ "ਸਿਰਜਣਾ ਦੇ ਆਰ ਪਾਰ" ਅਧੀਨ ਇੱਕ ਵਿਸ਼ੇਸ਼ ਪ੍ਰੋਗਰਾਮ ਉਲੀਕਿਆ ਗਿਆ। ਪ੍ਰੋ. ਕੁਲਜੀਤ ਕੌਰ ਦੇ ਯਤਨਾਂ ਸਦਕਾ ਕਰਵਾਏ ਗਏ ਇਸ 52ਵੇਂ ਸਮਾਗਮ ਵਿੱਚ ਪੰਜਾਬੀ ਸਾਹਿਤ ਅਕਾਦਮੀ ਦੇ ਪ੍ਰਧਾਨ ਅਤੇ ਪ੍ਰਸਿੱਧ ਚਿੰਤਕ ਡਾ. ਸਰਬਜੀਤ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਆਪਣੇ ਜੀਵਨ, ਸਾਹਿਤਕ ਸਫ਼ਰ ਤੇ ਮੌਜੂਦਾ ਸੰਕਟਾਂ ਬਾਰੇ ਖੁੱਲ੍ਹੀ ਚਰਚਾ ਕੀਤੀ।




ਪ੍ਰੋਗਰਾਮ ਦੇ ਆਗਾਜ਼ ਵਿੱਚ ਸਰਪ੍ਰਸਤ ਸੁਰਜੀਤ ਨੇ ਮਹਿਮਾਨਾਂ ਦਾ ਸਵਾਗਤ ਕੀਤਾ। ਡਾ. ਸਰਬਜੀਤ ਸਿੰਘ ਨੇ ਆਪਣੀ ਗੱਲਬਾਤ ਦੌਰਾਨ ਆਪਣੇ ਸਧਾਰਨ ਪੇਂਡੂ ਪਿਛੋਕੜ ਅਤੇ ਵਿਦਿਅਕ ਯਾਤਰਾ ਦੇ ਪੜਾਵਾਂ ਨੂੰ ਸਾਂਝਾ ਕੀਤਾ। ਉਨ੍ਹਾਂ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਕਿ ਉਨ੍ਹਾਂ ਦੀ ਸ਼ਖਸੀਅਤ ਅਤੇ ਸੋਚ ਉੱਤੇ ਉਨ੍ਹਾਂ ਦੇ ਪਿਤਾ ਦੀ ਰਾਜਨੀਤਿਕ ਚੇਤਨਾ ਦਾ ਡੂੰਘਾ ਪ੍ਰਭਾਵ ਹੈ, ਜਿਸ ਨੇ ਉਨ੍ਹਾਂ ਨੂੰ ਅਕਾਦਮਿਕ ਅਤੇ ਸਮਾਜਿਕ ਖੇਤਰ ਵਿੱਚ ਇੱਕ ਨਵੀਂ ਦ੍ਰਿਸ਼ਟੀ ਪ੍ਰਦਾਨ ਕੀਤੀ।

ਬਤੌਰ ਗੋਲਡ ਮੈਡਲਿਸਟ ਅਤੇ ਖੋਜਾਰਥੀ ਆਪਣੀ ਪਛਾਣ ਸਥਾਪਿਤ ਕਰਨ ਵਾਲੇ ਡਾ. ਸਰਬਜੀਤ ਨੇ ਜਲਿਆਂਵਾਲਾ ਬਾਗ, ਗਦਰ ਲਹਿਰ ਅਤੇ ਭਾਈ ਵੀਰ ਸਿੰਘ ਦੇ ਹਵਾਲੇ ਨਾਲ ਪੰਜਾਬੀ ਚਿੰਤਨ ਨੂੰ ਨਵੀਆਂ ਧਾਰਨਾਵਾਂ ਨਾਲ ਜੋੜਨ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਮੌਜੂਦਾ 'ਪਾਠਕ ਸੰਕਟ' ਉੱਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਅੱਜ ਦੀ ਕਵਿਤਾ ਪਾਠਕ ਨਾਲੋਂ ਟੁੱਟ ਰਹੀ ਹੈ। ਉਨ੍ਹਾਂ ਖੋਜ ਦੀ ਗੁਣਵੱਤਾ ਵਿੱਚ ਆ ਰਹੀ ਗਿਰਾਵਟ ਅਤੇ ਪੁਰਸਕਾਰਾਂ ਵਿੱਚ ਵਧ ਰਹੀ 'ਜੁਗਾੜਬੰਦੀ' ਉੱਤੇ ਵੀ ਬੇਬਾਕੀ ਨਾਲ ਟਿੱਪਣੀ ਕੀਤੀ।

ਇਸ ਮੌਕੇ ਡਾ. ਸਰਬਜੀਤ ਕੌਰ ਸੋਹਲ ਨੇ ਡਾ. ਸਰਬਜੀਤ ਸਿੰਘ ਦੀ ਵਿਚਾਰਧਾਰਾ ਦੀ ਪ੍ਰੌੜਤਾ ਕੀਤੀ ਅਤੇ ਡਾ. ਬਲਜੀਤ ਰਿਆੜ ਨੇ ਉਨ੍ਹਾਂ ਨੂੰ ਅੱਜ ਦੇ ਦੌਰ ਦੀ ਇੱਕ ਕਰਮਯੋਗੀ ਤੇ ਸੱਚ 'ਤੇ ਪਹਿਰਾ ਦੇਣ ਵਾਲੀ ਸ਼ਖਸੀਅਤ ਦੱਸਿਆ। ਮਨਦੀਪ ਬੰਮਰਾ ਨੇ ਵੀ ਉਨ੍ਹਾਂ ਦੇ ਸਾਹਿਤਕ ਯੋਗਦਾਨ ਦੀ ਭਰਪੂਰ ਸ਼ਲਾਘਾ ਕੀਤੀ। ਪ੍ਰੋਗਰਾਮ ਦੇ ਅਖੀਰ ਵਿੱਚ ਚੇਅਰਮੈਨ ਪਿਆਰਾ ਸਿੰਘ ਕੁੱਦੋਵਾਲ ਨੇ ਧੰਨਵਾਦੀ ਸ਼ਬਦ ਸਾਂਝੇ ਕਰਦਿਆਂ ਕਿਹਾ ਕਿ ਡਾ. ਸਰਬਜੀਤ ਸਿੰਘ ਵਰਗੇ ਸੱਚੇ-ਸੁੱਚੇ ਅਤੇ ਮਿਹਨਤੀ ਵਿਦਵਾਨਾਂ ਤੋਂ ਨਵੀਂ ਪੀੜ੍ਹੀ ਦੇ ਖੋਜਾਰਥੀਆਂ ਨੂੰ ਬਹੁਤ ਕੁਝ ਸਿੱਖਣ ਦੀ ਲੋੜ ਹੈ। ਇਸ ਆਨਲਾਈਨ ਪ੍ਰੋਗਰਾਮ ਵਿੱਚ ਦੇਸ਼-ਵਿਦੇਸ਼ ਤੋਂ ਵੱਡੀ ਗਿਣਤੀ ਵਿੱਚ ਵਿਦਵਾਨਾਂ ਅਤੇ ਸਾਹਿਤ ਪ੍ਰੇਮੀਆਂ ਨੇ ਸ਼ਿਰਕਤ ਕੀਤੀ, ਜਿਸ ਨੇ ਇਸ ਚਰਚਾ ਨੂੰ ਹੋਰ ਵੀ ਸਾਰਥਕ ਬਣਾ ਦਿੱਤਾ।

## ਸ਼੍ਰੋਮਣੀ ਲੋਕ ਗਾਇਕ ਤੇ ਗੀਤਕਾਰ ਪਾਲੀ ਦੇਤਵਾਲੀਆ ਦੇ ਨੌਜਵਾਨ ਪੁੱਤਰ ਮਨਜੋਤ ਸਿੰਘ ਦਾ ਦੇਹਾਂਤ

### ਹਜ਼ਾਰਾਂ ਪੰਜਾਬੀਆਂ ਵੱਲੋਂ ਅੱਜ ਪਿੰਡ ਦੇਵਤਵਾਲ(ਲੁਧਿਆਣਾ) ਦੇ ਸ਼ਮਸ਼ਾਨਘਾਟ ਵਿੱਚ ਸੇਜਲ ਅੱਖਾਂ ਨਾਲ ਵਿਦਾਇਗੀ



ਲੁਧਿਆਣਾਃ 29 ਅਪ੍ਰੈਲ : ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਪੰਜਾਬ ਵੱਲੋਂ ਸਨਮਾਨਿਤ ਸ਼੍ਰੋਮਣੀ ਪੰਜਾਬੀ ਲੋਕ ਗਾਇਕ ਤੇ ਗੀਤਕਾਰ ਸਭਾ ਪੰਜਾਬ ਦੇ ਪ੍ਰਧਾਨ ਪਾਲੀ ਦੇਤਵਾਲੀਆ ਦੇ ਨੌਜਵਾਨ ਪੁੱਤਰ ਮਨਜੋਤ ਸਿੰਘ ਜਿਸ ਦਾ ਕੱਲ੍ਹ ਸੰਖੇਪ ਬੀਮਾਰੀ ਉਪਰੰਤ ਲੁਧਿਆਣਾ ਦੇ ਨਿੱਜੀ ਹਸਪਤਾਲ ਵਿੱਚ ਦੇਹਾਂਤ ਹੋ ਗਿਆ ਸੀ , ਉਸਨੂੰ ਅੱਜ ਇਲਾਕਾ ਵਾਸੀਆਂ, ਪਾਲੀ ਦੇਤਵਾਲੀਆ ਦੇ ਪ੍ਰਸ਼ੰਸਕ ਹਜ਼ਾਰਾਂ ਪੰਜਾਬੀਆਂ ਵੱਲੋਂ ਪਿੰਡ ਦੇਵਤਵਾਲ(ਲੁਧਿਆਣਾ) ਦੇ ਸ਼ਮਸ਼ਾਨਘਾਟ ਵਿੱਚ ਸੇਜਲ ਅੱਖਾਂ ਨਾਲ ਅੰਤਮ ਵਿਦਾਇਗੀ ਦਿੱਤੀ ਗਈ।

ਮਨਜੋਤ ਸਿੰਘ ਸਿਰਫ਼ 35 ਸਾਲ ਦੇ ਸਨ ਅਤੇ ਪਿਛਲੇ ਅੱਠ ਸਾਲ ਤੋਂ ਪਿੰਡ ਨੇੜੇ ਬਣੀ ਇੱਕ ਵਿਕਸਤ ਕਾਲੋਨੀ ਵਿੱਚ ਨੌਕਰੀ ਕਰ ਰਿਹਾ ਸੀ। ਆਪਣੇ ਪਿੱਛੇ ਉਹ ਆਪਣੀ ਪਤਨੀ ਤੇ ਮਾਸੂਮ ਬੇਟਾ ਬੇਟੀ ਨੂੰ ਪਿੱਛੇ ਛੱਡ ਗਏ ਹਨ।




ਪਾਲੀ ਦੇਤਵਾਲੀਆ ਨਾਲ ਹਮਦਰਦੀ ਪ੍ਰਗਟ ਕਰਨ ਵਾਲਿਆਂ ਵਿੱਚ ਸ਼ਾਮਲ ਦਾਖਾ ਹਲਕੇ ਦੇ ਵਿਧਾਇਕ ਸ. ਮਨਪ੍ਰੀਤ ਸਿੰਘ ਅਯਾਲੀ, ਬਾਬਾ ਬੰਦਾ ਸਿੰਘ ਬਹਾਦਰ ਫਾਉਂਡੇਸ਼ਨ ਦੇ ਚੇਅਰਮੈਨ ਕ੍ਰਿਸ਼ਨ ਕੁਮਾਰ ਬਾਵਾ,ਪਵਨ ਦੀਵਾਨ,ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ , ਲੋਕ ਗਾਇਕ ਜਸਵੰਤ ਸੰਦੀਲਾ ਤੇ ਜ਼ਿਲ੍ਹਾ ਲੁਧਿਆਣਾ ਪ੍ਰਸ਼ਾਸਨ ਵੱਲੋਂ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਪੁਨੀਤਪਾਲ ਸਿੰਘ ਗਿੱਲ ਨੇ ਵਿੱਛੜੇ ਨੌਜਵਾਨ ਮਨਜੋਤ ਸਿੰਘ ਦੀ ਦੇਹ ਤੇ ਦੋਸ਼ਾਲਾ ਤੇ ਪੁਸ਼ਪ ਮਾਲਾਵਾਂ ਭੇਂਟ ਕੀਤੀਆਂ।

ਇਸ ਮੌਕੇ ਉੱਘੇ ਲੇਖਕ ਤੇ ਪ੍ਰੋ. ਮੋਹਨ ਸਿੰਘ ਮੈਮੋਰੀਅਲ ਫਾਉਂਡੇਸ਼ਨ ਦੇ ਸਕੱਤਰ ਜਨਰਲ ਡਾ, ਨਿਰਮਲ ਸਿੰਘ ਜੌੜਾ, ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ,ਮੀਤ ਪ੍ਰਧਾਨ ਡਾ. ਗੁਰਚਰਨ ਕੌਰ ਕੋਚਰ,ਲੋਕ ਗਾਇਕ ਰਣਜੀਤ ਮਣੀ,ਸੁੱਖ ਚਮਕੀਲਾ,ਆਤਮਾ ਸਿੰਘ ਬੁੱਢੇਵਾਲੀਆ, ਯੁੱਧਵੀਰ ਮਾਣਕ, ਨਰਿੰਦਰ ਨਿੰਦੀ, ਸਰੂਪ ਨਾਭਾ,ਸਤਪਾਲ ਕਿੰਨੜਾ, ਉੱਘੇ ਗੀਤਕਾਰ ਅਮਰੀਕ ਸਿੰਘ ਤਲਵੰਡੀ, ਅਸ਼ਵਨੀ ਵਰਮਾ, ਸੇਵਾ ਸਿੰਘ ਨੌਰਥ, ਸੁਖਬੀਰ ਸੰਧੇ, ਪੰਜਾਬ ਕਲਚਰਲ ਸੋਸਾਇਟੀ ਦੇ ਪ੍ਰਧਾਨ ਰਵਿੰਦਰ ਰੰਗੂਵਾਲ,ਦਲਵਿੰਦਰ ਦਿਆਲਪੁਰੀ,ਸੰਗੀਤਕਾਰ ਕਰਨ ਪ੍ਰਿੰਸ, ਨਾਰਾਇਣ ਨਿੰਦੀ,ਮੰਜੂ ਮਾਨ,ਅਮਰਜੀਤ ਸ਼ੇਰਪੁਰੀ, ਕੰਵਲਜੀਤ ਸਿੰਘ ਸ਼ੰਕਰ,ਪੰਜਾਬੀ ਸੱਭਿਆਚਾਰਕ ਸੱਥ ਦੇ ਚੇਅਰਮੈਨ ਜਸਮੇਰ ਸਿੰਘ ਢੱਟ , ਵਰਿਆਮ ਸਰੋਆ ਤੇ ਮਲਵਿੰਦਰ ਚੰਨੋ ਤੇ ਇੰਗਲੈਂਡ ਤੋਂ ਗੀਤਕਾਰ ਚੰਨ ਜੰਡਿਆਲਵੀ ਨੇ ਵੀ ਇਸ ਮੌਕੇ ਦੇਤਵਾਲੀਆ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਹੈ।

# ਕੈਨੇਡਾ ਮਰਦਮਸ਼ੁਮਾਰੀ 2026: ਪੰਜਾਬੀ ਬੋਲੀ ਦੀ ਹੋਂਦ ਅਤੇ ਸਾਡੀ ਨਾਗਰਿਕ ਜ਼ਿੰਮੇਵਾਰੀ



ਕੈਨੇਡਾ ਇੱਕ ਅਜਿਹਾ ਦੇਸ਼ ਹੈ ਜੋ ਆਪਣੀ ਵਿਭਿੰਨਤਾ ਅਤੇ ਬਹੁ-ਸੱਭਿਆਚਾਰਵਾਦ ਲਈ ਵਿਸ਼ਵ ਭਰ ਵਿੱਚ ਜਾਣਿਆ ਜਾਂਦਾ ਹੈ। ਇਸ ਵਿਭਿੰਨਤਾ ਨੂੰ ਸਮਝਣ ਅਤੇ ਦੇਸ਼ ਦੇ ਸੁਚੱਜੇ ਵਿਕਾਸ ਲਈ 'ਸਟੈਟਿਸਟਿਕਸ ਕੈਨੇਡਾ' ਵੱਲੋਂ ਹਰ ਪੰਜ ਸਾਲਾਂ ਬਾਅਦ ਮਰਦਮਸ਼ੁਮਾਰੀ (Censuses) ਕਰਵਾਈ ਜਾਂਦੀ ਹੈ। ਸਾਲ 2026 ਦੀ ਇਹ ਪ੍ਰਕਿਰਿਆ ਹੁਣ ਆਰੰਭ ਹੋ ਚੁੱਕੀ ਹੈ, ਜੋ ਨਾ ਸਿਰਫ਼ ਦੇਸ਼ ਦੀ ਵਸੋਂ ਦੇ ਅੰਕੜੇ ਇਕੱਠੇ ਕਰੇਗੀ, ਸਗੋਂ ਸਾਡੀ ਭਾਸ਼ਾਈ ਅਤੇ ਸੱਭਿਆਚਾਰਕ ਪਛਾਣ ਨੂੰ ਵੀ ਅਧਿਕਾਰਤ ਦਸਤਾਵੇਜ਼ਾਂ ਵਿੱਚ ਦਰਜ ਕਰੇਗੀ।

ਕੈਨੇਡਾ ਦੇ ਉੱਤਰੀ ਦੂਰ-ਦੁਰਾਡੇ ਇਲਾਕਿਆਂ ਵਿੱਚ ਮਰਦਮਸ਼ੁਮਾਰੀ ਦੀ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਹੈ, ਜਦਕਿ ਬਾਕੀ ਕੈਨੇਡਾ ਵਿੱਚ ਇਹ 1 ਮਈ 2026 ਤੋਂ ਸਰਗਰਮ ਹੋ ਜਾਵੇਗੀ। 'ਸਟੈਟਿਸਟਿਕਸ ਕੈਨੇਡਾ' ਨੇ ਇਸ ਕਾਰਜ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਲਗਭਗ 32,000 ਕਰਮਚਾਰੀ ਨਿਯੁਕਤ ਕੀਤੇ ਹਨ। ਇਹ ਫਾਰਮ ਔਨਲਾਈਨ ਜਾਂ ਪ੍ਰਿੰਟ ਕੀਤੇ ਕਾਗਜ਼ੀ ਰੂਪ ਵਿੱਚ ਭਰੇ ਜਾ ਸਕਦੇ ਹਨ।

ਪੰਜਾਬੀ ਲੈਂਗੁਏਜ ਐਜੂਕੇਸ਼ਨ ਅਸੋਸੀਏਸ਼ਨ
Punjabi Language Education Associatio
Promoting Punjabi since 1993

ਮਰਦਮਸ਼ੁਮਾਰੀ ਵਿੱਚ ਹਿੱਸਾ ਲੈਣਾ ਸਿਰਫ਼ ਇੱਕ ਰਸਮ ਨਹੀਂ, ਸਗੋਂ ਸਟੈਟਿਸਟਿਕਸ ਐਕਟ ਦੇ ਤਹਿਤ ਇੱਕ ਲਾਜ਼ਮੀ ਨਾਗਰਿਕ ਜ਼ਿੰਮੇਵਾਰੀ ਹੈ। ਇਸ ਵਿੱਚ ਸ਼ਾਮਲ ਹੋਣਾ ਹਰ ਵਸਨੀਕ ਲਈ ਜ਼ਰੂਰੀ ਹੈ, ਚਾਹੇ ਉਹ:

ਕੈਨੇਡੀਅਨ ਨਾਗਰਿਕ ਹੋਵੇ।
ਸਥਾਈ ਨਿਵਾਸੀ (PR) ਹੋਵੇ।
ਅਸਥਾਈ ਵਿਦੇਸ਼ੀ ਕਾਮਾ (Work Permit) ਹੋਵੇ।
ਜਾਂ ਵਿਜ਼ਟਰ ਵੀਜ਼ੇ 'ਤੇ ਆਇਆ ਹੋਵੇ।
2026 ਦੀ ਮਰਦਮਸ਼ੁਮਾਰੀ ਪੰਜਾਬੀ ਭਾਈਚਾਰੇ ਲਈ ਵਿਸ਼ੇਸ਼ ਮਹੱਤਵ ਰੱਖਦੀ ਹੈ। ਪ੍ਰਸ਼ਨਾਵਲੀ ਵਿੱਚ ਭਾਸ਼ਾ ਨਾਲ ਸਬੰਧਤ ਤਿੰਨ ਅਹਿਮ ਨੁਕਤੇ ਹਨ:

ਮਾਂ-ਬੋਲੀ: ਉਹ ਭਾਸ਼ਾ ਜੋ ਬਚਪਨ ਵਿੱਚ ਸਭ ਤੋਂ ਪਹਿਲਾਂ ਸਿੱਖੀ।
ਘਰੇਲੂ ਭਾਸ਼ਾ: ਘਰ ਵਿੱਚ ਸਭ ਤੋਂ ਵੱਧ ਬੋਲੀ ਜਾਣ ਵਾਲੀ ਬੋਲੀ।
ਭਾਸ਼ਾਈ ਗਿਆਨ: ਹੋਰ ਕਿਹੜੀਆਂ ਭਾਸ਼ਾਵਾਂ ਦਾ ਗਿਆਨ ਹੈ।
ਸਟੈਟਿਸਟਿਕਸ ਕੈਨੇਡਾ ਨੇ ਸਵਾਲਾਂ ਦੀ ਸ਼ਬਦਾਵਲੀ ਵਿੱਚ ਵੀ ਸੁਧਾਰ ਕੀਤਾ ਹੈ। ਹੁਣ "ਕੀ ਇਹ ਵਿਅਕਤੀ ਬੋਲ ਸਕਦਾ ਹੈ?" ਦੀ ਥਾਂ "ਕੀ ਇਹ ਵਿਅਕਤੀ ਬੋਲਦਾ ਹੈ?" ਪੁੱਛਿਆ ਜਾਵੇਗਾ, ਜੋ ਭਾਸ਼ਾ ਦੀ ਅਸਲ ਵਰਤੋਂ ਨੂੰ ਸਪੱਸ਼ਟ ਕਰੇਗਾ।

2021 ਦੀ ਮਰਦਮਸ਼ੁਮਾਰੀ ਦੇ ਅੰਕੜਿਆਂ ਅਨੁਸਾਰ ਪੰਜਾਬੀ, ਅੰਗਰੇਜ਼ੀ ਅਤੇ ਫਰੈਂਚ ਤੋਂ ਬਾਅਦ ਕੈਨੇਡਾ ਦੀ ਤੀਜੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਬਣ ਕੇ ਉੱਭਰੀ ਸੀ। ਉਸ ਸਮੇਂ 7.6 ਲੱਖ ਤੋਂ ਵੱਧ ਲੋਕਾਂ ਨੇ ਪੰਜਾਬੀ ਨੂੰ ਮਾਂ-ਬੋਲੀ ਅਤੇ 8.2 ਲੱਖ ਤੋਂ ਵੱਧ ਲੋਕਾਂ ਨੇ ਇਸ ਨੂੰ ਘਰ ਦੀ ਮੁੱਖ ਬੋਲੀ ਵਜੋਂ ਦਰਜ ਕਰਵਾਇਆ ਸੀ।

ਪਿਛਲੇ ਪੰਜ ਸਾਲਾਂ ਵਿੱਚ ਪੰਜਾਬੀ ਮੂਲ ਦੇ ਵਿਦਿਆਰਥੀਆਂ ਅਤੇ ਕਾਮਿਆਂ ਦੀ ਗਿਣਤੀ ਵਿੱਚ ਵੱਡਾ ਵਾਧਾ ਹੋਇਆ ਹੈ। ਪੰਜਾਬੀ ਲੈਂਗੁਏਜ ਐਜੂਕੇਸ਼ਨ ਐਸੋਸੀਏਸ਼ਨ (PLEA) ਸਮੂਹ ਪੰਜਾਬੀ ਬੁਲਾਰਿਆਂ ਅਤੇ ਹਿਤੈਸ਼ੀਆਂ ਨੂੰ ਅਪੀਲ ਕਰਦੀ ਹੈ ਕਿ ਉਹ ਆਪਣੀ ਮਾਂ-ਬੋਲੀ ਦੇ ਖਾਨੇ ਵਿੱਚ 'ਪੰਜਾਬੀ' ਜ਼ਰੂਰ ਲਿਖਣ। ਸਾਡੇ ਵੱਲੋਂ ਦਿੱਤੇ ਗਏ ਸਹੀ ਜਵਾਬ ਹੀ ਸਰਕਾਰ ਨੂੰ ਕੈਨੇਡੀਅਨ ਚਾਰਟਰ ਅਨੁਸਾਰ ਗੈਰ-ਸਰਕਾਰੀ ਭਾਸ਼ਾਵਾਂ ਦੇ ਵਿਕਾਸ ਅਤੇ ਸਹਾਇਤਾ ਲਈ ਨੀਤੀਆਂ ਬਣਾਉਣ ਵਿੱਚ ਮਦਦ ਕਰਦੇ ਹਨ।

ਮਰਦਮਸ਼ੁਮਾਰੀ ਦੇ ਅੰਕੜੇ ਆਉਣ ਵਾਲੇ ਪੰਜ ਸਾਲਾਂ ਲਈ ਸਕੂਲਾਂ, ਹਸਪਤਾਲਾਂ ਅਤੇ ਭਾਈਚਾਰਕ ਸੇਵਾਵਾਂ ਦੀ ਯੋਜਨਾਬੰਦੀ ਦਾ ਅਧਾਰ ਬਣਦੇ ਹਨ। ਆਓ, ਇੱਕ ਜ਼ਿੰਮੇਵਾਰ ਨਾਗਰਿਕ ਹੋਣ ਦਾ ਸਬੂਤ ਦੇਈਏ ਅਤੇ ਆਪਣੀ ਵਿਰਾਸਤ ਤੇ ਬੋਲੀ ਨੂੰ ਕੈਨੇਡਾ ਦੇ ਇਤਿਹਾਸਕ ਪੰਨਿਆਂ ਵਿੱਚ ਸੁਨਹਿਰੀ ਅੱਖਰਾਂ ਵਿੱਚ ਦਰਜ ਕਰਵਾਈਏ।

## ਬਦਲਾਅ




ਬਹੁਤ ਸਾਲ ਹੋ ਗੇ' ਇੱਦਾਂ ਲੱਗੇ ਨਹੀਉਂ ਕੱਟ ਸੀ।
ਮੁੜਕੇ ਦੇ ਨਾਲ਼ ਐਸੇ ਨਿੱਕਲ਼ੇ ਨਾ ਵੱਟ ਸੀ।
ਖੌਰੇ ਕਿਹੜੀ ਭੁੱਲਾਂ ਬਖਸ਼ਾਅ ਆ ਗਿਆ।
ਸਾਂਭੋ ਸਾਂਭੋ ਸਾਂਭੋ ਬਦਲਾਅ ਆ ਗਿਆ।

ਕਿੰਨਾ ਚਿਰ ਹੋਇਆ ਗੇੜੇ ਕੋਠੇ 'ਤੇ ਨਾ ਲਾਏ ਸੀ।
ਰਸਾਲੇ, ਅਖਬਾਰ ਹੱਥ-ਪੱਖੀ ਨਾ ਬਣਾਏ ਸੀ।
ਪੁਰਾਣੇ ਹਥਿਆਰਾਂ ਨੂੰ ਚੁਕਾਅ ਆ ਗਿਆ।
ਸਾਂਭੋ ਸਾਂਭੋ ਸਾਂਭੋ ਬਦਲਾਅ ਆ ਗਿਆ।

ਜਨਰੇਟਰਾਂ ਦੀ' ਹੱਥੀਆਂ ਨੂੰ ਲੱਗ ਗਿਆ ਜੰਗਾਲ ਸੀ।
ਖੜ੍ਹੇ ਇਨਵਰਟਰ ਮਾਰ ਗਏ ਉਬਾਲ਼ ਸੀ।
ਇਹਨਾਂ ਜਾਮ ਚੀਜ਼ਾਂ 'ਚ ਚਲਾਅ ਆ ਗਿਆ।
ਸਾਂਭੋ ਸਾਂਭੋ ਸਾਂਭੋ ਬਦਲਾਅ ਆ ਗਿਆ।

ਰੋਮੀਆਂ ਘੜਾਮੇਂ ਫੇਰ ਪਰਤੀਆਂ ਰੌਣਕਾਂ।
ਮੋੜਾਂ, ਚੌਂਕਾਂ ਵਿੱਚ ਫੇਰ ਕਰਤੀਆਂ ਰੌਣਕਾਂ।
ਸੱਥਾਂ ਵਿੱਚ ਮੰਜੀਆਂ ਡੁਹਾ ਆ ਗਿਆ।
ਸਾਂਭੋ ਸਾਂਭੋ ਸਾਂਭੋ ਬਦਲਾਅ ਆ ਗਿਆ।

## ਕਦੇ ਕਦੇ ਜੀਅ ਕਰਦਾ

ਕਦੇ ਕਦੇ ਜੀਅ ਕਰਦਾ ਹੈ
ਕਿ ਫਿਰ ਬਚਪਨ ਵਿੱਚ ਚਲੇ ਜਾਵਾਂ!
ਮਾਂ ਦੀਆਂ ਪੱਕੀਆਂ ਖਾਵਾਂ
ਮਾਂ ਦੇ ਗੱਲ ਲੱਗ ਜਾਵਾਂ ਤੇ ਕਹਾਂ!
ਅੰਮੜੀਏ ਤੂੰ ਠੀਕ ਹੀ ਕਹਿੰਦੀ ਸੀ
ਕਿ ਰੱਬਾ ਧੀ ਦੇਵੇ ਤੇ!
ਉਹਨਾਂ ਦੇ ਕਰਮ ਚੰਗੇ ਹੋਣ
ਜਿੱਥੇ ਜਾਣ ਸੁਖੀ ਵੱਸਣ!

ਕਦੇ ਕਦੇ ਜੀਅ ਕਰਦਾ ਹੈ
ਦੁੱਖ ਦਰਦ ਤੇ ਸੰਸਕਾਰਾਂ ਦਾ
ਲਾਹ ਸੁੱਟਾਂ ਲਿਬਾਸ ਮੈਂ!
ਕਿਤੋਂ ਪੰਖ ਉਧਾਰੇ ਮਿਲ ਜਾਣ ਤੇ
ਪੰਛੀ ਬਣ ਉੱਡ ਜਾਵਾਂ!
ਖੁੱਲੀ ਫ਼ਿਜ਼ਾ ਵਿੱਚ ਜਾ ਭਰਾਂ ਉਡਾਰੀ
ਤੇ ਅਨੰਦਿਤ ਮਹਿਸੂਸ ਕਰਾਂ!

ਕਦੇ ਕਦੇ ਜੀਅ ਕਰਦਾ ਹੈ
ਗਿਆਨ ਤੇ ਸਚਾਈ ਦੀ ਖੋਜ ਵਿੱਚ
ਸਾਧ ਬਣ ਜਾਵਾਂ ਮੈਂ!
ਕਿਤੇ ਜੰਗਲ਼ ਬੇਲੇ ਪਹਾੜ ਦੀ ਗੁਫ਼ਾ
ਵਿੱਚ ਬੈਠ ਸਮਾਧੀ ਵਿੱਚ
ਲੀਨ ਹੋ ਜਾਵਾਂ!

ਕਦੇ ਕਦੇ ਜੀਅ ਕਰਦਾ
ਆਪਣੇ ਤੇ ਕੋਈ ਨਜ਼ਮ ਲਿਖਾਂ ਮੈਂ!
ਸੋਚਦੀ ਹਾਂ ਮੈਂ ਤੇ ਇਕ ਬੰਦ ਕਿਤਾਬ ਹਾਂ
ਕੋਈ ਇਕ ਕਵਿਤਾ ਵਿੱਚ ਮੈਨੂੰ
ਕਿਵੇਂ ਪੜ੍ਹ ਸਕੇਗਾ!

ਕਦੇ ਕਦੇ ਜੀਅ ਕਰਦਾ ਹੈ
ਛੱਡ ਮਨਾਂ ਦੁਨੀਆਂ ਦੇ ਝਮੇਲਿਆਂ ਨੂੰ!
ਸੱਭ ਕਾਸੇ ਤੋਂ ਬੇਪਰਵਾਹ ਹੋ ਜਾਈਏ
ਦੁੱਖਾਂ ਦਰਦਾਂ ਦੀ ਤੱਖਤੀ ਲਾਹ ਦਈਏ!

ਕਦੀ ਹੱਸੀਏ ਤੇ ਕਦੀ ਚੀਕੀਏ
ਕਦੀ ਨੱਚੀਏ ਤੇ ਕਦੀ ਗਾਈਏ!
ਜ਼ਿੰਦਗੀ ਨੂੰ ਕਮਲਿਆਂ ਵਾਂਗ ਜੀ ਲਈਏ

ਕਦੇ ਕਦੇ ਜੀਅ ਕਰਦਾ ਹੈ
ਜੀਅ ਭਰ ਕੇ ਰੋ ਲਾਂ ਮੈਂ!
ਕਿਸੇ ਐਸੀ ਜਗਹ ਤੁਰ ਜਾਵਾਂ
ਜਿੱਥੇ ਬੰਦਾ ਨਾ ਬੰਦੇ ਦੀ ਜਾਤ ਹੋਵੇ!
ਮੁੜ ਵਾਪਿਸ ਕਦੀ ਨਾ ਆਵਾਂ ਤੇ
ਪ੍ਰਭੂ ਦੇ ਵਿੱਚ ਲੀਨ ਹੋ ਜਾਵਾਂ!




# ਖ਼ਾਲਿਸਤਾਨ ਦੇ ਐਲਾਨ ਤੋਂ ਭਾਰਤ ਸਰਕਾਰ ਅੱਜ ਵੀ ਚਿੰਤਤ






ਸਰਬੱਤ ਖ਼ਾਲਸਾ ਵੱਲੋਂ ਥਾਪੀ ਪੰਥਕ ਕਮੇਟੀ ਨੇ ਅੱਜ ਦੇ ਦਿਨ ਸ੍ਰੀ ਦਰਬਾਰ ਸਾਹਿਬ ਸਮੂਹ 'ਚੋਂ ਖ਼ਾਲਿਸਤਾਨ ਦਾ ਐਲਾਨ ਕੀਤਾ ਸੀ। ਇਸ ਤੋਂ ਪਹਿਲਾਂ ਦਮਦਮੀ ਟਕਸਾਲ ਦੇ ਚੌਦ੍ਹਵੇਂ ਮੁਖੀ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਕਹਿ ਗਏ ਸਨ ਕਿ 'ਜੇ ਦਰਬਾਰ ਸਾਹਿਬ 'ਤੇ ਹਮਲਾ ਹੋਇਆ ਤਾਂ ਖ਼ਾਲਿਸਤਾਨ ਦੀ ਨੀਂਹ ਰੱਖੀ ਜਾਏਗੀ।' ਜੂਨ 1984 ਦੇ ਘੱਲੂਘਾਰੇ ਤੋਂ ਬਾਅਦ ਹਰ ਅਣਖੀਲਾ ਸਿੱਖ ਖ਼ਾਲਿਸਤਾਨ ਦੇ ਰਾਹ ਪੈ ਗਿਆ ਸੀ। ਸਿੱਖਾਂ ਦਾ ਹਿੰਦੁਸਤਾਨ ਨਾਲ ਰਿਸ਼ਤਾ ਪੂਰੀ ਤਰ੍ਹਾਂ ਟੁੱਟ ਚੁੱਕਾ ਸੀ, ਭਾਰਤ ਅਤੇ ਸਿੱਖਾਂ ਵਿਚਾਲੇ ਲਕੀਰ ਖਿੱਚੀ ਜਾ ਚੁੱਕੀ ਸੀ।

ਜਿਸ ਭਾਰਤ ਸਰਕਾਰ ਨੇ ਸਮੁੱਚੀ ਮਾਨਵਤਾ ਦੇ ਪੂਜਨੀਕ ਸਿੱਖਾਂ ਦੇ ਮੁਕੱਦਸ ਕੇਂਦਰੀ ਅਸਥਾਨ ਸ੍ਰੀ ਦਰਬਾਰ ਸਾਹਿਬ ਉੱਤੇ ਟੈਂਕਾਂ-ਤੋਪਾਂ ਨਾਲ ਹਮਲਾ ਕਰ ਦਿੱਤਾ, ਭਗਤੀ-ਸ਼ਕਤੀ ਦੇ ਪ੍ਰਤੀਕ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਾਹ ਦਿੱਤਾ, ਸਿੱਖ ਯੋਧਿਆਂ ਅਤੇ ਸੰਗਤਾਂ ਨੂੰ ਸ਼ਹੀਦ ਕਰ ਦਿੱਤਾ, ਸਿੱਖ ਨੌਜਵਾਨੀ ਨੂੰ ਜੇਲ੍ਹਾਂ ਵਿੱਚ ਡੱਕ ਦਿੱਤਾ, ਪੰਜਾਬ ਭਰ ਵਿੱਚ ਸਿੱਖਾਂ ਦਾ ਲਹੂ ਵਹਾਇਆ ਗਿਆ, ਦਿੱਲੀ ਅਤੇ ਹੋਰ ਸੂਬਿਆਂ 'ਚ ਸਿੱਖਾਂ ਦੇ ਗਲਾਂ 'ਚ ਬਲ਼ਦੇ ਟਾਇਰ ਪਾਏ ਗਏ, ਜਾਇਦਾਦਾਂ ਸਾੜੀਆਂ, ਗੁਰਦੁਆਰਿਆਂ ਨੂੰ ਅੱਗਾਂ ਲਾਈਆਂ, ਸਿੱਖਾਂ ਦੀਆਂ ਧੀਆਂ-ਭੈਣਾਂ ਦੀ ਪੱਤ ਸ਼ਰ੍ਹੇ-ਬਜ਼ਾਰ ਰੋਲੀ ਅਤੇ ਸਿੱਖਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ 'ਚ ਲਗਾਤਾਰ ਮਾਰਿਆ ਜਾ ਰਿਹਾ ਸੀ ਤਾਂ ਐਨਾ ਕੁਝ ਵਾਪਰਨ ਦੇ ਬਾਵਜੂਦ ਵੀ ਸਿੱਖ ਕਿਵੇਂ ਭਾਰਤ ਨੂੰ ਆਪਣਾ ਦੇਸ਼ ਮੰਨੀ ਬੈਠੇ ਰਹਿੰਦੇ।

ਭਾਰਤ ਸਰਕਾਰ ਨੇ ਸਿੱਖਾਂ ਲਈ ਸਾਰੇ ਦਰਵਾਜ਼ੇ ਬੰਦ ਕਰ ਦਿੱਤੇ ਸਨ। ਸਿੱਖਾਂ ਕੋਲ ਦੋ ਹੀ ਰਾਹ ਬਚੇ ਸਨ ਗ਼ੁਲਾਮੀ ਜਾਂ ਅਜ਼ਾਦੀ ਤੇ ਸਿੱਖ ਕੌਮ ਨੇ ਖਾਲਿਸਤਾਨ ਦੀ ਜ਼ਾਦੀ ਦਾ ਰਾਹ ਚੁਣ ਲਿਆ। ਪਹਿਲਾਂ ਦਮਦਮੀ ਟਕਸਾਲ ਦੇ ਹੈੱਡ ਕੁਆਰਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਦਸੰਬਰ 1985 ਵਿੱਚ ਦੋ ਦਿਨਾਂ ਮਹਾਨ ਸ਼ਹੀਦੀ ਸਮਾਗਮ ਕਰਵਾਇਆ ਗਿਆ ਜਿੱਥੇ ਕੌਮੀ ਭਵਿੱਖ ਦੀਆਂ ਵਿਚਾਰਾਂ ਅਤੇ ਸ੍ਰੀ ਦਰਬਾਰ ਸਾਹਿਬ 'ਚ ਜਾਨਾਂ ਵਾਰਨ ਵਾਲ਼ੇ ਸ਼ਹੀਦਾਂ ਦੇ ਪਰਿਵਾਰਾਂ ਦਾ ਸਨਮਾਨ ਹੋਇਆ। ਫਿਰ 26 ਜਨਵਰੀ 1986 ਨੂੰ ਦਮਦਮੀ ਟਕਸਾਲ ਦੇ ਮੁਖੀ ਸੰਤ ਬਾਬਾ ਠਾਕੁਰ ਸਿੰਘ ਜੀ ਖ਼ਾਲਸਾ ਦੇ ਸੱਦੇ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਸਰਬੱਤ ਖ਼ਾਲਸਾ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਕਿਹਾ ਗਿਆ ਕਿ 'ਸਿੱਖ ਭਾਰਤ ਵਿੱਚ ਗ਼ੁਲਾਮ ਹਨ ਤੇ ਅਜ਼ਾਦੀ ਉਹਨਾਂ ਦਾ ਮੁੱਢਲਾ ਹੱਕ ਹੈ।' ਇਸ ਦੇ ਨਾਲ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨਵ-ਉਸਾਰੀ, ਨਵੇਂ ਜਥੇਦਾਰਾਂ ਦੀ ਨਿਯੁਕਤੀ, ਗੱਦਾਰਾਂ ਉੱਤੇ ਪੰਥਕ ਕਾਰਵਾਈ, ਸ਼੍ਰੋਮਣੀ ਕਮੇਟੀ ਭੰਗ ਅਤੇ ਸਿੱਖ ਕੌਮ ਦੀ ਅਗਵਾਈ ਲਈ ਪੰਜ ਮੈਂਬਰੀ ਪੰਥਕ ਕਮੇਟੀ ਗਠਿਤ ਕੀਤੀ ਗਈ।

ਫਿਰ 29 ਅਪ੍ਰੈਲ 1986 ਨੂੰ ਪੰਥਕ ਕਮੇਟੀ ਦੇ ਮੈਂਬਰਾਂ ਬਾਬਾ ਗੁਰਬਚਨ ਸਿੰਘ ਮਾਨੋਚਾਹਲ, ਭਾਈ ਗੁਰਦੇਵ ਸਿੰਘ ਉਸਮਾਨਵਾਲਾ, ਭਾਈ ਅਰੂੜ ਸਿੰਘ ਡੱਲਾ, ਭਾਈ ਧੰਨਾ ਸਿੰਘ ਅਤੇ ਭਾਈ ਵੱਸਣ ਸਿੰਘ ਜੱਫ਼ਰਵਾਲ ਨੇ ਸਮੁੱਚੀ ਸਿੱਖ ਕੌਮ ਅਤੇ ਸਿੱਖ ਜੁਝਾਰੂਆਂ ਨੂੰ ਇੱਕ ਨਿਸ਼ਾਨੇ ਉੱਤੇ ਸੇਧਿਤ ਕਰਨ ਅਤੇ ਉਸ ਦੀ ਪ੍ਰਾਪਤੀ ਵਾਸਤੇ ਜੂਝਣ ਲਈ ਤੇ ਦੁਨੀਆਂ ਭਰ ਦੇ ਦੇਸ਼ਾਂ ਅਤੇ ਲੋਕਾਂ ਨੂੰ ਇਹ ਦੱਸਣ ਲਈ ਕਿ ਸਿੱਖ ਕੀ ਚਾਹੁੰਦੇ ਹਨ ਬਾਰੇ ਸਪੱਸ਼ਟ ਕਰਦਿਆਂ ਸ੍ਰੀ ਦਰਬਾਰ ਸਾਹਿਬ ਸਮੂਹ ਵਿੱਚੋਂ ਖਾਲਿਸਤਾਨ ਦਾ ਦਸਤਾਵੇਜ਼ ਜਾਰੀ ਕਰਦਿਆਂ ਪ੍ਰਭੂਸੱਤਾ ਸੰਪੰਨ ਆਜ਼ਾਦ ਸਿੱਖ ਰਾਜ ਖ਼ਾਲਿਸਤਾਨ ਦਾ ਐਲਾਨ ਕਰ ਦਿੱਤਾ। ਜਿਸ ਤੋਂ ਭਾਰਤ ਸਰਕਾਰ ਪੂਰੀ ਤਰ੍ਹਾਂ ਹਿੱਲ ਗਈ।

ਪੰਥਕ ਪ੍ਰੰਪਰਾਵਾਂ ਅਨੁਸਾਰ ਕਾਰਵਾਈ ਕਰਕੇ ਜੁਝਾਰੂ ਸਿੰਘ ਤਾਂ ਸ੍ਰੀ ਦਰਬਾਰ ਸਾਹਿਬ ਸਮੂਹ ਵਿੱਚੋਂ ਤੁਰੰਤ ਨਿਕਲ ਗਏ ਤੇ ਭਾਰਤ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਹੁਕਮ 'ਤੇ ਅਖੌਤੀ ਅਕਾਲੀ ਬਰਨਾਲਾ ਸਰਕਾਰ ਨੇ ਅਗਲੇ ਦਿਨ ਸ੍ਰੀ ਦਰਬਾਰ ਸਾਹਿਬ ਅੰਦਰ ਪੁਲਿਸ ਭੇਜ ਦਿੱਤੀ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ, ਭਾਈ ਸੂਰਤ ਸਿੰਘ ਖਾਲਸਾ ਸਮੇਤ ਅਨੇਕਾਂ ਸੰਗਤਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਹਕੂਮਤ ਨੇ ਸ੍ਰੀ ਦਰਬਾਰ ਸਾਹਿਬ ਦੀ ਮੁੜ ਬੇਅਦਬੀ ਕੀਤੀ ਹਾਲਾਂਕਿ ਸਰਕਾਰ ਨੂੰ ਇਸ ਗੱਲ ਦੀ ਖ਼ਬਰ ਸੀ ਕਿ ਓਥੇ ਕੋਈ ਵੀ ਖਾੜਕੂ ਮੌਜੂਦ ਨਹੀਂ ਹੈ ਪਰ ਰਾਜੀਵ ਨੇ ਸੁਰਜੀਤ ਸਿੰਘ ਬਰਨਾਲੇ ਤੋਂ ਇਹ ਸਭ ਕੁਝ ਕਰਵਾ ਕੇ ਅਕਾਲੀਆਂ ਦੇ ਮੱਥੇ ਉੱਤੇ ਕਲੰਕ ਅਤੇ ਜੂਨ 1984 ਦੀ ਕਾਰਵਾਈ ਨੂੰ ਸਹੀ ਠਹਿਰਾਉਣਾ ਚਾਹਿਆ।

6 ਜੂਨ 1984 ਅਤੇ 29 ਅਪ੍ਰੈਲ 1986 ਦੇ ਦਿਨ ਨੂੰ ਸਿੱਖ ਕੌਮ ਖ਼ਾਲਿਸਤਾਨ ਦੇ ਐਲਾਨ ਵਜੋਂ ਯਾਦ ਕਰਦੇ ਹਨ। ਇਸ ਐਲਾਨ ਵਿੱਚ ਖ਼ਾਲਿਸਤਾਨ ਕਮਾਂਡੋ ਫੋਰਸ ਦੇ ਮੁਖੀ ਜਨਰਲ ਹਰੀ ਸਿੰਘ ਉਰਫ ਭਾਈ ਮਨਬੀਰ ਸਿੰਘ ਚਹੇੜੂ ਦਾ ਜ਼ਿਕਰ ਕਰਦਿਆਂ ਕਿਹਾ ਗਿਆ ਕਿ 'ਉਹਨਾਂ ਦੀ ਅਗਵਾਈ 'ਚ ਇਹ ਫੋਰਸ ਖ਼ਾਲਿਸਤਾਨ ਦੀ ਰੱਖਿਆ ਲਈ ਕੰਮ ਕਰੇਗੀ ਤੇ ਸੰਗਤ ਨੂੰ ਅਪੀਲ ਕੀਤੀ ਗਈ ਕਿ ਖ਼ਾਲਿਸਤਾਨ ਲਈ ਜੂਝ ਰਹੇ ਸਿੰਘਾਂ ਦੀ ਹਰ ਪ੍ਰਕਾਰ ਸਹਾਇਤਾ ਅਤੇ ਹੌਸਲਾ ਅਫ਼ਜ਼ਾਈ ਕੀਤੀ ਜਾਵੇ ਤੇ ਭਾਰਤ ਸਰਕਾਰ ਨੂੰ ਖ਼ਾਲਿਸਤਾਨ ਤੋਂ ਫ਼ੌਜੀ ਤੇ ਸਿਆਸੀ ਕਬਜ਼ਾ ਛੱਡਣ ਲਈ ਹਦਾਇਤ ਕੀਤੀ ਗਈ।

ਖ਼ਾਲਿਸਤਾਨ ਦੇ ਇਸ ਜੰਗੀ ਐਲਾਨ ਤੋਂ ਬਾਅਦ ਅਨੇਕਾਂ ਜੁਝਾਰੂ ਫੋਰਸਾਂ ਹੋਂਦ ਵਿੱਚ ਆਈਆਂ ਅਤੇ ਖ਼ਾਲਿਸਤਾਨ ਦੀ ਸਥਾਪਤੀ ਲਈ ਹਥਿਆਰਬੰਦ ਸੰਘਰਸ਼ ਹੋਰ ਤੇਜ਼ ਹੋ ਗਿਆ। ਪਿੰਡਾਂ-ਸ਼ਹਿਰਾਂ ਵਿੱਚ ਉੱਠੇ ਆਮ ਜਿਹੇ ਸਿੱਖ ਨੌਜਵਾਨਾਂ ਨੇ ਹੀ ਦਿੱਲੀ ਤਖ਼ਤ ਨੂੰ ਹਿਲਾ ਦਿੱਤਾ। ਭਾਰਤੀ ਫ਼ੌਜ ਦਾ ਚੀਫ਼ ਜਨਰਲ ਅਰੁਣ ਵੈਦਿਆ ਵੀ ਸਿੰਘਾਂ ਨੇ ਸੋਧ ਦਿੱਤਾ ਅਤੇ ਹੋਰ ਅਨੇਕਾਂ ਫੌਜੀ ਅਤੇ ਪੁਲਿਸ ਅਫਸਰ, ਕਾਂਗਰਸੀ ਅਤੇ ਹੋਰ ਭਾਰਤੀ ਨੇਤਾ, ਪੰਥ ਦੇ ਗ਼ੱਦਾਰ ਤੇ ਕੈਟ-ਮੁਖ਼ਬਰ ਸੋਧੇ ਗਏ। ਖਾਲਿਸਤਾਨੀ ਫੋਰਸਾਂ ਅਤੇ ਭਾਰਤੀ ਫੋਰਸਾਂ ਵਿਚਾਲੇ ਦਮਦਾਰ ਮੁਕਾਬਲੇ ਹੁੰਦੇ ਰਹੇ ਤੇ ਸਿੰਘ ਘਰ-ਘਰ ਵਿੱਚ ਚਮਕੌਰ ਦੀ ਗੜ੍ਹੀ ਵਾਲਾ ਇਤਿਹਾਸ ਦੁਹਰਾਉਂਦੇ ਰਹੇ।

ਖਾਲਿਸਤਾਨ ਦਾ ਸੰਘਰਸ਼ ਐਨੀਆਂ ਬੁਲੰਦੀਆਂ ਛੂਹ ਗਿਆ ਕਿ ਭਾਰਤ ਸਰਕਾਰ ਕਈ ਵਾਰ ਖਾੜਕੂਆਂ ਨਾਲ ਗੱਲਬਾਤ ਕਰਨ ਲਈ ਮਜਬੂਰ ਹੋਈ ਪਰ ਹਰ ਵਾਰ ਸਰਕਾਰ ਨੇ ਧੋਖਾ, ਮੱਕਾਰੀ ਅਤੇ ਬੇਈਮਾਨੀ ਕੀਤੀ। ਹਰ ਰੋਜ਼ ਮੁਕਾਬਲੇ, ਤਸ਼ੱਦਦ ਅਤੇ ਸ਼ਹੀਦੀਆਂ ਹੋਣ ਲੱਗੀਆਂ ਪਰ ਫਿਰ ਵੀ ਸੂਰਮੇ ਡੋਲੇ ਨਾ ਤੇ ਉਹਨਾਂ ਨੇ ਖਾਲਿਸਤਾਨ ਦੀ ਅਜ਼ਾਦੀ ਲਈ ਹਰ ਮੁਹਾਜ਼ 'ਤੇ ਲੜਾਈ ਲੜੀ। ਬੱਚੇ, ਨੌਜਵਾਨ, ਬਜ਼ੁਰਗ ਅਤੇ ਬੀਬੀਆਂ ਸਾਰੇ ਹੀ ਇਸ ਸੰਘਰਸ਼ ਵਿੱਚ ਕੁੱਦ ਪਏ। ਹਰ ਪਾਸੇ ਖ਼ਾਲਸਾਈ ਜਲਵਾ ਤੇ ਪੰਥ ਦੇ ਬੋਲਬਾਲੇ ਹੋ ਗਏ। ਇੱਕ-ਇੱਕ ਪਿੰਡ ਦੇ ਹੀ 20-20 ਨੌਜਵਾਨ ਇਸ ਸੰਘਰਸ਼ ਦਾ ਹਿੱਸਾ ਬਣੇ, ਸ਼ਹਿਰੀ ਨੌਜਵਾਨ ਵੀ ਪਿੱਛੇ ਨਾ ਰਹੇ, ਸਿੰਘਣੀਆਂ ਵੀ ਆਪਣੇ ਪਤੀ-ਭਰਾਵਾਂ ਅਤੇ ਹੋਰ ਸਿੰਘਾਂ ਨਾਲ ਬੇਖ਼ੌਫ਼ ਹੋ ਕੇ ਤੁਰ ਪਈਆਂ, ਕਈ ਬੱਚਿਆਂ ਨੇ ਵੀ ਸਕੂਲਾਂ ਦੇ ਬੈਗ ਛੱਡ ਕੇ ਹਥਿਆਰ ਚੁੱਕ ਲਏ, ਸਰਕਾਰੀ ਨੌਕਰੀਆਂ 'ਤੇ ਸਰਵਿਸ ਕਰਦੇ ਕਈ ਸਿੰਘ ਅਹੁਦਿਆਂ ਨੂੰ ਠੋਕਰ ਮਾਰ ਕੇ ਸਿਰਾਂ ਉੱਤੇ ਕੱਫਨ ਬੰਨ੍ਹ ਕੇ ਸਰਕਾਰ ਨਾਲ ਲੋਹਾ ਲੈਣ ਲੱਗੇ। ਹਰ ਸਿੱਖ ਦੇ ਮੂੰਹ ਉੱਤੇ ਖ਼ਾਲਿਸਤਾਨ ਆ ਗਿਆ ਸੀ, ਪਿੰਡਾਂ-ਸ਼ਹਿਰਾਂ ਵਿੱਚ ਖ਼ਾਲਿਸਤਾਨ ਦੀ ਤਸਵੀਰ ਦਿਸਣ ਲੱਗੀ।

ਭਾਰਤੀ ਹਕੂਮਤ ਨੇ ਇਸ ਸੰਘਰਸ਼ ਨੂੰ ਦੱਬਣ ਤੇ ਖ਼ਤਮ ਕਰਨ ਲਈ ਆਪਣੀ ਸਾਰੀ ਤਾਕਤ ਝੋਕ ਦਿੱਤੀ, ਹਜ਼ਾਰਾਂ ਬੇਦੋਸ਼ੇ ਨੌਜਵਾਨ ਹੀ ਘਰਾਂ, ਖੇਤਾਂ ਤੇ ਦੁਕਾਨਾਂ ਵਿੱਚੋਂ ਚੁੱਕ ਕੇ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰ ਦਿੱਤੇ। ਖਾਲਿਸਤਾਨੀ ਜੁਝਾਰੂਆਂ ਨੂੰ ਬਦਨਾਮ ਕਰਨ ਲਈ ਕਈ ਭੈੜੇ ਕਾਰੇ ਕਰਵਾਏ ਜਾਣ ਲੱਗੇ ਅਤੇ ਕੈਟਾਂ-ਟਾਊਟਾਂ ਦੇ ਵਿਛਾਏ ਗਏ ਵੱਡੇ ਜਾਲ ਨੇ ਖ਼ਾਲਿਸਤਾਨੀ ਸੰਘਰਸ਼ ਦੇ ਵੱਡੇ ਜਰਨੈਲ ਅਤੇ ਹੋਰ ਅਨੇਕਾਂ ਜੁਝਾਰੂ 1992-93 ਵਿੱਚ ਸ਼ਹੀਦ ਕਰਵਾ ਦਿੱਤੇ ਜਿਸ ਨਾਲ ਲਹਿਰ ਵਿੱਚ ਖੜੋਤ ਆ ਗਈ ਪਰ 31 ਅਗਸਤ 1995 ਨੂੰ ਭਾਈ ਦਿਲਾਵਰ ਸਿੰਘ ਨੇ ਫਿਰ ਇੱਕ ਵੱਡਾ ਧਮਾਕਾ ਕੀਤਾ ਜਿਸ ਵਿੱਚ ਮੁੱਖ ਮੰਤਰੀ ਬੁੱਚੜ ਬੇਅੰਤ ਸਿਹੁੰ ਮਾਰ ਦਿੱਤਾ।

ਹਥਿਆਰਬੰਦ ਲਹਿਰ ਤੋਂ ਬਾਅਦ ਖ਼ਾਲਿਸਤਾਨ ਦਾ ਇਹ ਸੰਘਰਸ਼ ਅੱਜ ਵੀ ਰਾਜਨੀਤਿਕ, ਜਮਹੂਰੀਅਤ ਤੇ ਸ਼ਾਂਤਮਈ ਢੰਗ ਨਾਲ ਜਾਰੀ ਹੈ ਤੇ ਅਜੇ ਤਕ ਸਰਕਾਰ ਇਹ ਦਾਅਵੇ ਕਰਦੀ ਹੈ ਕਿ ਖ਼ਾਲਿਸਤਾਨੀ ਪੱਖੀ ਨੌਜਵਾਨਾਂ ਤੋਂ ਹਥਿਆਰ ਫੜੇ ਗਏ ਤੇ ਇਹ ਕੋਈ ਵੱਡੀ ਵਾਰਦਾਤ ਕਰਨਾ ਚਾਹੁੰਦੇ ਸਨ। ਆਏ ਸਾਲ ਕੋਈ ਨਾ ਕੋਈ ਖ਼ਾਲਿਸਤਾਨੀ ਯੋਧਾ ਕਿਸੇ ਦੁਸ਼ਮਣ ਨੂੰ ਸੋਧ ਕੇ ਹਥਿਆਰਬੰਦ ਸੰਘਰਸ਼ ਦੀ ਹੋਂਦ ਦਾ ਪ੍ਰਗਟਾਵਾ ਕਰਨ ਦਾ ਯਤਨ ਕਰਦਾ ਹੈ।

ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਦਲ ਖਾਲਸਾ, ਪੰਚ ਪ੍ਰਧਾਨੀ ਜਥਾ ਅਤੇ ਜਥੇਦਾਰ ਜਗਤਾਰ ਸਿੰਘ ਹਵਾਰਾ ਕਮੇਟੀ ਜੋ ਪੰਜਾਬ ਵਿੱਚ ਖ਼ਾਲਿਸਤਾਨ ਦੀ ਸਿਰਜਣਾ ਲਈ ਸਰਗਰਮ ਹਨ ਅਤੇ ਵਿਦੇਸ਼ਾਂ ਵਿੱਚ ਸਿੱਖਸ ਫਾਰ ਜਸਟਿਸ (ਖਾਲਿਸਤਾਨ ਰੈਫਰੰਡਮ), ਵਰਲਡ ਸਿੱਖ ਪਾਰਲੀਮੈਂਟ ਅਤੇ ਹੋਰ ਕਈ ਜਥੇਬੰਦੀਆਂ ਤੇ ਸੰਗਤਾਂ ਪੂਰੀ ਤਨਦੇਹੀ ਨਾਲ ਖ਼ਾਲਿਸਤਾਨ ਨੂੰ ਸਮਰਪਿਤ ਹੋ ਕੇ ਕੰਮ ਕਰ ਰਹੀਆਂ ਹਨ। ਵਿਦੇਸ਼ਾਂ ਵਿੱਚ ਭਾਈ ਹਰਦੀਪ ਸਿੰਘ ਨਿੱਝਰ, ਭਾਈ ਪਰਮਜੀਤ ਸਿੰਘ ਪੰਜਵੜ, ਭਾਈ ਅਵਤਾਰ ਸਿੰਘ ਖੰਡਾ ਦੀ ਸ਼ਹਾਦਤ ਤੇ ਗੁਰਪਤਵੰਤ ਸਿੰਘ ਪੰਨੂ ਨੂੰ ਮਾਰਨ ਦੀ ਕੋਸ਼ਿਸ਼ ਇਸ ਗੱਲ ਦਾ ਵੱਡਾ ਸਬੂਤ ਹੈ ਕਿ ਖ਼ਾਲਿਸਤਾਨ ਦਾ ਸੰਘਰਸ਼ ਅੱਜ ਵੀ ਭਾਰਤ ਸਰਕਾਰ ਲਈ ਵੱਡੀ ਆਫ਼ਤ ਅਤੇ ਖ਼ਤਰਾ ਬਣਿਆ ਹੋਇਆ ਹੈ।

ਇੱਕ ਤ੍ਰਾਸਦੀ ਦੀ ਗੱਲ ਇਹ ਹੈ ਕਿ ਜਿਸ ਦਮਦਮੀ ਟਕਸਾਲ ਨੇ ਖ਼ਾਲਿਸਤਾਨ ਦਾ ਸੰਘਰਸ਼ ਸ਼ੁਰੂ ਕੀਤਾ ਸੀ ਅਤੇ ਐਨੀ ਵੱਡੀ ਕੁਰਬਾਨੀ, ਘਾਲਣਾ ਕੀਤੀ ਤੇ ਸ਼ਹਾਦਤਾਂ ਦਿੱਤੀਆਂ ਅੱਜ ਉਸ ਟਕਸਾਲ ਦਾ ਮੁਖੀ ਅਖਵਾਉਣ ਵਾਲਾ ਬਾਬਾ ਹਰਨਾਮ ਸਿੰਘ ਧੁੰਮਾ ਖਾਲਿਸਤਾਨ ਦੇ ਸੰਘਰਸ਼ ਵੱਲ ਪੂਰੀ ਤਰ੍ਹਾਂ ਪਿੱਠ ਕਰ ਚੁੱਕਾ ਹੈ ਤੇ ਭਾਰਤ ਸਰਕਾਰ ਅਤੇ ਭਾਜਪਾ ਦੇ ਸੋਹਿਲੇ ਗਾਉਂਦਾ ਹੈ ਤੇ ਹਿੰਦੂ ਕਰਮ-ਕਾਂਡ ਕਰਨ ਵਿੱਚ ਵੀ ਝਿਜਕ ਮਹਿਸੂਸ ਨਹੀਂ ਕਰਦਾ। ਜਿਸ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਇਸ ਸੰਘਰਸ਼ ਵਿੱਚ ਵੱਡੀ ਭੂਮਿਕਾ ਸੀ, ਫੈਡਰੇਸ਼ਨ ਦੇ ਪ੍ਰਧਾਨ ਭਾਈ ਸਾਹਿਬ ਭਾਈ ਅਮਰੀਕ ਸਿੰਘ ਜੀ, ਬੀਬੀ ਉਪਕਾਰ ਕੌਰ ਜੀ, ਭਾਈ ਗੁਰਜੀਤ ਸਿੰਘ ਹਰੀਹਰ ਝੋਕ ਅਤੇ ਹੋਰ ਅਨੇਕਾਂ ਆਗੂਆਂ ਨੇ ਸ਼ਹੀਦੀਆਂ ਦਿੱਤੀਆਂ ਅੱਜ ਉਸ ਫੈਡਰੇਸ਼ਨ ਦੇ ਵੱਖ-ਵੱਖ ਧੜੇ ਵੀ ਬਾਦਲ ਦਲ ਦੇ ਪੈਰਾਂ ਵਿੱਚ ਬੈਠੇ ਹਨ, ਕੁਝ ਭਾਜਪਾ ਦੀ ਝੋਲੀ ਵਿੱਚ ਪੈ ਗਏ ਤੇ ਕੁਝ ਭਾਰਤ ਸਰਕਾਰ ਦੇ ਬੀਬੇ ਪੁੱਤ ਬਣ ਗਏ। 13 ਅਪ੍ਰੈਲ 1978 ਨੂੰ ਸਿੱਖ ਸੰਘਰਸ਼ ਦੇ ਮੁੱਢ ਸਮੇਂ 13 ਸ਼ਹੀਦ ਸਿੰਘਾਂ ਵਿੱਚ ਅਖੰਡ ਕੀਰਤਨੀ ਜਥੇ ਦੇ ਜ਼ਿਆਦਾਤਰ ਸਿੰਘ ਸਨ, ਇਸ ਵਿੱਚੋਂ ਹੀ ਬੱਬਰ ਖ਼ਾਲਸਾ ਇੰਟਰਨੈਸ਼ਨਲ ਪੈਦਾ ਹੋਇਆ ਜਿਸ ਨੇ ਭਾਰਤੀ ਹਕੂਮਤ ਨੂੰ ਵਕਤ ਪਾਈ ਰੱਖਿਆ ਪਰ ਅੱਜ ਅਖੰਡ ਕੀਰਤਨੀ ਜਥਾ ਖ਼ਾਲਿਸਤਾਨ ਦੇ ਸੰਘਰਸ਼ ਵਿੱਚ ਕੋਈ ਸਰਗਰਮੀ ਨਹੀਂ ਵਿਖਾ ਰਿਹਾ। 29 ਅਪ੍ਰੈਲ 1986 ਨੂੰ ਖ਼ਾਲਿਸਤਾਨ ਦਾ ਐਲਾਨ ਕਰਨ ਵਾਲੇ ਪੰਜ ਮੈਂਬਰਾਂ ਵਿੱਚੋਂ ਤਿੰਨ ਆਗੂ ਬਾਬਾ ਗੁਰਬਚਨ ਸਿੰਘ ਮਾਨੋਚਾਹਲ, ਭਾਈ ਗੁਰਦੇਵ ਸਿੰਘ ਉਸਮਾਨਵਾਲਾ ਤੇ ਭਾਈ ਅਰੂੜ ਸਿੰਘ ਸ਼ਹੀਦੀਆਂ ਪਾ ਗਏ ਤੇ ਭਾਈ ਧੰਨਾ ਸਿੰਘ ਅਮਰੀਕਾ ਵਿੱਚ ਤੇ ਭਾਈ ਵੱਸਣ ਸਿੰਘ ਜੱਫਰਵਾਲ ਪੰਜਾਬ ਵਿੱਚ ਬੈਠੇ ਹਨ ਪਰ ਇਹਨਾਂ ਵੱਲੋਂ ਹੁਣ ਖਾਲਿਸਤਾਨ ਬਾਰੇ ਕੋਈ ਬਾਤ ਨਹੀਂ ਪਾਈ ਜਾ ਰਹੀ। ਭਾਰਤ ਸਰਕਾਰ ਹਰ ਸਮੇਂ ਖ਼ਾਲਿਸਤਾਨ ਨੂੰ ਭੰਡਦੀ ਰਹਿੰਦੀ ਹੈ ਇਸ ਨੂੰ ਕਦੇ ਅੱਤਵਾਦ ਤੇ ਕਦੇ ਗੈਂਗਸਟਰਾਂ ਨਾਲ ਜੋੜਦੀ ਹੈ।

ਇਸ ਦੇ ਬਾਵਜੂਦ ਵੀ ਖ਼ਾਲਿਸਤਾਨ ਦਾ ਸੰਘਰਸ਼ ਪੜਾਅ-ਦਰ-ਪੜਾਅ ਅੱਗੇ ਵੱਧਦਾ ਜਾ ਰਿਹਾ ਹੈ ਤੇ ਭਾਰਤ ਸਰਕਾਰ ਵੱਲੋਂ ਸਿੱਖ ਕੌਮ ਉੱਤੇ ਕੀਤਾ ਜਾਂਦਾ ਹਰ ਜ਼ੁਲਮ, ਧੱਕਾ ਤੇ ਬੇਇਨਸਾਫ਼ੀ ਸਿੱਖਾਂ ਨੂੰ ਖ਼ਾਲਿਸਤਾਨ ਦੇ ਸੰਘਰਸ਼ ਵੱਲ ਹੋਰ ਪੱਕਾ ਕਰਦੀ ਹੈ। ਜਾਗਦੀਆਂ ਜ਼ਮੀਰਾਂ ਵਾਲ਼ੇ ਸਿੱਖਾਂ ਦੇ ਦਿਲਾਂ ਵਿੱਚ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੇ ਬੋਲ ਧੜਕਦੇ ਰਹਿੰਦੇ ਹਨ ਕਿ 'ਹੁਣ ਖ਼ਾਲਿਸਤਾਨ ਬਿਨਾਂ ਗੁਜ਼ਾਰਾ ਨਹੀਂ ਹੈ।' ਭਾਰਤੀ ਮੀਡੀਆ ਅਤੇ ਭਾਰਤ ਸਰਕਾਰ ਕਈ ਵਾਰ ਖ਼ਾਲਿਸਤਾਨ ਦੇ ਸੰਘਰਸ਼ ਦੇ ਖ਼ਤਮ ਹੋਣ ਦੇ ਦਾਅਵੇ ਕਰਦੀ ਪਰ ਛੇਤੀ ਹੀ ਖਾਲਿਸਤਾਨ ਦੀ ਕੋਈ ਸਰਗਰਮੀ, ਬਿਆਨ ਅਤੇ ਹਕੀਕਤ ਭਾਰਤ ਸਰਕਾਰ ਦੇ ਦਾਅਵਿਆਂ ਦੀ ਫੂਕ ਕੱਢ ਦਿੰਦੀ ਹੈ। ਹੁਣ ਸੰਸਾਰ ਭਰ ਵਿੱਚ ਸਿੱਖਾਂ ਦੀ ਪਛਾਣ ਖ਼ਾਲਿਸਤਾਨ ਵਜੋਂ ਬਣ ਚੁੱਕੀ ਹੈ, ਸਿੱਖ ਅਤੇ ਖ਼ਾਲਿਸਤਾਨ ਦੋਵੇਂ ਇੱਕ-ਦੂਜੇ ਵਿੱਚ ਪੂਰੇ ਘੁਲ-ਮਿਲ ਚੁੱਕੇ ਹਨ, ਸਿੱਖਾਂ ਦੇ ਦਿਲ-ਦਿਮਾਗ ਵਿੱਚ ਵਸੇ ਖ਼ਾਲਿਸਤਾਨ ਦੇ ਸ਼ਬਦ ਨੂੰ ਹੁਣ ਕੋਈ ਨਹੀਂ ਕੱਢ ਸਕਦਾ, ਖ਼ਾਲਿਸਤਾਨ ਦੇ ਸੰਕਲਪ ਅਤੇ ਸੁਪਨੇ ਨੂੰ ਸਿੱਖ ਸਾਕਾਰ ਕਰਨਾ ਚਾਹੁੰਦੇ ਹਨ। ਪੰਥ ਅਤੇ ਪੰਜਾਬ ਨੂੰ ਪਿਆਰ ਕਰਨ ਵਾਲੇ ਸਿੱਖ ਖ਼ਾਲਿਸਤਾਨ ਪ੍ਰਤੀ ਪੂਰੇ ਦ੍ਰਿੜ ਹਨ ਤੇ ਉਹ ਸਮਰਥਾ ਤੋਂ ਵੱਧ ਕੇ ਆਵਾਜ਼ ਬੁਲੰਦ ਕਰਦੇ ਹਨ। ਭਾਰਤ ਸਰਕਾਰ ਅਕਸਰ ਹੀ ਚਿੰਤਤ ਰਹਿੰਦੀ ਹੈ ਕਿਉਂਕਿ ਉਸ ਨੂੰ ਪਤਾ ਹੈ ਕਿ ਖ਼ਾਲਿਸਤਾਨ ਤਾਂ ਹੁਣ ਇੱਕ ਦਿਨ ਬਣ ਕੇ ਰਹੇਗਾ। ਸਾਡਾ ਢੱਠਾ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼ਹੀਦਾਂ ਦਾ ਡੁੱਲ੍ਹਿਆ ਖ਼ੂਨ ਅਜਾਈਂ ਨਹੀਂ ਜਾਏਗਾ, ਦੁਨੀਆਂ ਦੇ ਨਕਸ਼ੇ ਉੱਤੇ ਖ਼ਾਲਿਸਤਾਨ ਜਲਦ ਹੋਂਦ ਵਿੱਚ ਆਏਗਾ। ਖ਼ਾਲਿਸਤਾਨ ਦੇ ਸੰਘਰਸ਼ ਵਿੱਚ ਸ਼ਹੀਦੀਆਂ ਪਾਉਣ, ਜੇਲ੍ਹਾਂ ਕੱਟਣ, ਤਸ਼ੱਦਦ ਝੱਲਣ ਅਤੇ ਕਿਸੇ ਤਰ੍ਹਾਂ ਵੀ ਹਿੱਸਾ ਪਾਉਣ ਵਾਲੇ ਸਭ ਸਿੰਘਾਂ-ਸਿੰਘਣੀਆਂ ਨੂੰ ਅਸੀਂ ਪ੍ਰਣਾਮ ਕਰਦੇ ਹਾਂ।